ਅੰਕ ਨੰ : 18

# ਖ਼ਾਲਸਾ ਕਾਲਜ
# ਸੱਜਰਾ ਸਾਹਿਤ



## ਜੂਨ
## 2024

KHALSA COLLEGE
SAJRA SAHIT

ਖ਼ਾਲਸਾ ਕਾਲਜ ਸੱਜਰਾ ਸਾਹਿਤ

# ਸੱਜਰਾ ਸਾਹਿਤ ਪੰਜਾਬੀ ਰਸਾਲਾ

## ਜੂਨ 2024

**ਵੱਲੋਂ :**

**® ਖ਼ਾਲਸਾ ਕਾਲਜ ਅੰਮ੍ਰਿਤਸਰ**

ਪੰਜਾਬੀ ਲਾਇਬ੍ਰੇਰੀ
PUNJABI LIBRARY
www.PunjabiLibrary.com

KHALSA COLLEGE
SAJRA SAHIT

ਖ਼ਾਲਸਾ ਕਾਲਜ ਸੱਜਰਾ ਸਾਹਿਤ

ਪੰਜਾਬੀ ਰਸਾਲਾ **ਜੂਨ** 2024

ਵੱਲੋਂ :

ਪੰਜਾਬੀ ਵਿਭਾਗ

ਖ਼ਾਲਸਾ ਕਾਲਜ, ਅੰਮ੍ਰਿਤਸਰ।

ਜੀ. ਟੀ. ਰੋਡ, ਅੰਮ੍ਰਿਤਸਰ, 143002

ਮੋ : +91 9417534823, 9779324826,

8195903361.

ਈ-ਮੇਲ : **Khalsacollegesajrasahit@gmail.com**

ਇਨਸਟਾਗ੍ਰਾਮ : **@Khalsacollegesajrasahit**

ਪ੍ਰਕਾਸ਼ਿਤ ਮਿਤੀ : 01 **ਜੂਨ** 2024

ਅੰਕ ਨੰ: 18

ਮੁੱਖ ਸੰਪਾਦਕ :

ਪ੍ਰੀਤ ਸਿੰਘ ਭੈਣੀ (ਐੱਮ. ਏ. ਪੰਜਾਬੀ)

ਸੰਪਾਦਕ :

ਸਾਹਿਬਜੀਤ ਸਿੰਘ (ਬੀ. ਏ.)

ਰਣਜੀਤ ਕੌਰ (ਐੱਮ. ਏ. ਪੰਜਾਬੀ)

ਪਵਨਦੀਪ ਕੌਰ (ਐੱਮ. ਏ. ਪੰਜਾਬੀ)

ਪ੍ਰਕਾਸ਼ਕ :

ਖ਼ਾਲਸਾ ਕਾਲਜ ਸੱਜਰਾ ਸਾਹਿਤ

Punjabilibrary.com

ਪ੍ਰੀਤ ਸਿੰਘ ਭੈਣੀ

# ਤਤਕਰਾ


| | | |
|---|---|---|
| 1. | ਪੰਜਾਬੀ ਦਾ ਮਹਾਨ ਗ਼ਜ਼ਲ਼ਕਾਰ | 06 |
| 2. | ਵੇਖ ਲੈ ਪਿਆਰਿਆ | 11 |
| 3. | ਬੇਕਾਰ ਏ ਜ਼ਹਿਰ | 13 |
| 4. | ਸੁਰਜੀਤ | 15 |
| 5. | ਜ਼ਿੰਦਗੀ ਜਿੰਦਾਬਾਦ | 16 |
| 6. | ਅੰਬਰਸਰੋਂ ਲਾਹੌਰ | 17 |
| 7. | ਆਖ਼ਰੀ ਤਮੰਨਾ | 19 |
| 8. | ਨਸ਼ਿਆਂ ਦੇ ਸਿਰ 'ਤੇ | 20 |
| 9. | ਢਲਦੀ ਸ਼ਾਮ (ਪੇਂਟਿੰਗ) | 22 |
| 10. | ਖ਼ੁਆਬ (ਪੇਂਟਿੰਗ) | 23 |
| 11. | ਗਵਾਚ ਗਏ | 24 |
| 12. | ਜੇਕਰ ਯਕੀਨ ਨਾ ਹੋਵੇ | 25 |
| 13. | ਰਾਧਾ ਕ੍ਰਿਸ਼ਨਾ (ਪੇਂਟਿੰਗ) | 26 |
| 14. | ਕਲਮ ਘਸਾ ਮਾਰੀ | 27 |
| 15. | ਗੁਮਾਨ | 28 |
| 16. | ਏਹੀ ਏ ਬੰਦਾ | 30 |
| 17. | ਵਫ਼ਾਦਾਰੀ ਦਾ ਸੰਗੀਤ | 31 |
| 18. | ਪੋਰਟਰੇਟ | 32 |
| 19. | ਆਸ ਬਾਕੀ ਏ | 33 |
| 20. | ਮੌਤ ਦੀ ਵਜ੍ਹਾ | 34 |
| 21. | ਸ਼ਿਵ | 35 |
| 22. | ਕਲੇਸ਼ ਦੇ ਬਾਅਦ | 36 |

| | | |
|---|---|---|
| 23. | ਉਸਦੇ ਅੱਗੇ | 38 |
| 24. | ਅੱਖ ਸਮੰਦਰ ਵਿਚ ਫਰਕ | 39 |
| 25. | ਪ੍ਰੀਤ ਦਾ ਵਣਜਾਰਾ | 40 |
| 26. | ਦਿਲ ਦਾ ਬੋਝਾ | 41 |
| 27. | ਪਿਆਰ ਦਾ ਤਰਾਜ਼ੂ | 43 |
| 28. | ਤੇਰੇ ਅੱਗੇ | 44 |
| 29. | ਮੂੰਹ ਤੇ ਲਾਲੀ ਚੜ੍ਹਦੀ ਏ | 45 |
| 30. | ਲਾਹੌਰ | 47 |
| 31. | ਤੇਰੇ ਭਾਣੇ ਵਿਚ | 48 |
| 32. | ਬਾਪੂ ਦੀ ਇੱਜ਼ਤ | 49 |
| 33. | ਰਾਤਾਂ ਦੀ ਕਹਾਣੀ | 53 |
| 34. | ਬ੍ਰਹਮ (ਪੇਂਟਿੰਗ) | 55 |
| 35. | ਵਿਕਦਾ ਰਹਿਣਾ ਵਾ | 56 |
| 36. | ਧੀਆਂ | 58 |
| 37. | ਝੂਠਾ ਹੱਸਣਾ | 60 |
| 38. | ਦਾਦੇ ਨੇ | 61 |
| 39. | ਉਡਾਨ (ਪੇਂਟਿੰਗ) | 64 |
| 40. | ਇਹ ਰੁੱਤ | 65 |
| 41. | ਖ਼ਵਾਬ | 66 |
| 42. | ਉਮੀਦ ਨਹੀਂ (ਭਾਗ ਤੀਜਾ) | 69 |

# ਪੰਜਾਬੀ ਦਾ ਮਹਾਨ ਗ਼ਜ਼ਲ਼ਕਾਰ



ਸੁਰਜੀਤ ਪਾਤਰ ਜੋਂ ਕਿ ਪੰਜਾਬੀ ਸਾਹਿਤ ਵਿਚ ਇਕ ਮੀਲ ਪੱਥਰ ਹਨ। ਪਾਤਰ ਜੀ ਕਿਸੇ ਜਾਣ ਪਛਾਣ ਦੇ ਮੁਹਤਾਜ ਨਹੀਂ, ਸਗੋਂ ਇਹ ਆਪ ਮੁਹਾਰੇ ਹੀ ਪੰਜਾਬੀ ਦਿਲਾਂ ਵਿਚ ਰਾਜ ਕਰ ਰਹੇ ਹਨ। ਸੁਰਜੀਤ ਪਾਤਰ ਇੱਕ ਨਾਜੁਕ ਸੂਰਤ ਅਤੇ ਮੋਹਿਕ ਸੀਰਤ ਦੇ ਮਾਲਕ ਸਨ। ਪਾਤਰ ਜੀ ਦਾ ਅੰਦਰਲਾ ਵੇਗ ਕਿਤੇ ਨਾ ਕਿਤੇ ਬਾਹਰ ਵੀ ਝਲਕਦਾ ਸੀ ਇੰਜ ਕਹਿ ਸਕਦੇ ਹਾਂ ਕਿ ਜਿਸ ਤਰ੍ਹਾਂ ਦੇ ਉਹ ਅੰਦਰੋਂ ਸਨ ਉਸੇ ਹੀ ਤਰ੍ਹਾਂ ਦੇ ਉਹ ਬਾਹਰੋਂ ਸਨ। ਸੁਰਜੀਤ ਪਾਤਰ ਜੀ ਨੂੰ ਮੈਂ ਪਹਿਲੀ ਵਾਰ ਖ਼ਾਲਸਾ ਕਾਲਜ ਵਿਚ ਪੜ੍ਹਦਿਆਂ, ਪੁਸਤਕ ਮੇਲੇ 'ਤੇ ਦੇਖਿਆ। ਉਹਨਾਂ ਦੀ ਸ਼ਖ਼ਸੀਅਤ ਨੇ ਮੈਨੂੰ ਬਹੁਤ ਪ੍ਰਭਾਵਿਤ ਕੀਤਾ। ਉਹਨਾਂ ਦੇ ਚੇਹਰੇ ਦਾ ਜਲੌਅ/ਤਾਬ ਉਹਨਾਂ ਦੇ ਅੰਦਰਲੇ ਗਿਆਨ ਦਾ ਪ੍ਰਗਟਾਵਾ ਕਰ ਰਿਹਾ ਸੀ। ਉਹਨਾਂ ਦੀ ਆਵਾਜ਼ ਨੂੰ ਰੂਹ ਦੀ ਖੁਰਾਕ ਕਹਿ ਸਕਦੇ ਹਾਂ।

ਉਦਾਸ ਦੋਸਤੋ ਆਓ ਕਿ ਮਿਲ ਕੇ ਖੁਸ਼ ਹੋਈਏ

ਮਿਲਣ ਬਗੈਰ ਉਦਾਸੀ ਦਾ ਕੋਈ ਚਾਰਾ ਨਹੀਂ।

ਸੁਰਜੀਤ ਪਾਤਰ ਜੀ ਦਾ ਜਨਮ ਸੰਨ 1945 ਵਿਚ ਜਲੰਧਰ ਜ਼ਿਲ੍ਹੇ ਦੇ ਪਿੰਡ ਪੱਤੜ ਕਲਾਂ ਵਿਖੇ ਹੋਇਆ। ਉਹਨਾਂ ਦੇ ਮਾਤਾ ਜੀ ਦਾ ਨਾਂ ਗੁਰਬਖਸ਼ ਕੌਰ ਅਤੇ ਪਿਤਾ ਦਾ ਨਾਂ ਹਰਭਜਨ ਸਿੰਘ ਹੈ। ਪਾਤਰ ਨੇ ਆਪਣੇ ਪਿੰਡ ਦੇ ਸਕੂਲ ਤੋਂ ਹੀ ਪ੍ਰਾਇਮਰੀ ਦੀ

ਸਿੱਖਿਆ ਲਈ ਅਤੇ ਗੌਰਮਿੰਟ ਕਾਲਜ ਕਪੂਰਥਲਾ ਤੋਂ (ਬੀ.ਏ.) ਕਰਕੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਪੰਜਾਬੀ ਦੀ (ਐਮ.ਏ.) ਕੀਤੀ ਤੇ ਫਿਰ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਤੋਂ (ਪੀ.ਐਚ.ਡੀ.) ਕੀਤੀ। ਆਪਣੇ ਅਧਿਆਪਕ ਅਤੇ ਉੱਘੇ ਨਾਟਕਕਾਰ ਸੁਰਜੀਤ ਸਿੰਘ ਸੇਠੀ ਦੇ ਕਹਿਣ ਤੇ ਹੀ ਉਹਨਾਂ ਆਪਣੇ ਪਿੰਡ ਦੇ ਨਾਮ ਤੋਂ ਹੀ ਆਪਣਾ ਤਖ਼ੱਲਸ 'ਪਾਤਰ' ਰੱਖ ਲਿਆ। ਜਦ ਕਿ ਉਹ ਪਹਿਲਾਂ ਆਪਣੇ ਨਾਮ ਨਾਲ ਪੱਤੜ ਸ਼ਬਦ ਦੀ ਵਰਤੋਂ ਕਰਦੇ ਸਨ।

"ਪ੍ਰੋ. ਮੋਹਨ ਸਿੰਘ ਨੇ ਕਿਹਾ ਕਿ ਮੇਰੇ ਜਾਣ ਤੋਂ ਮਗਰੋਂ ਪਾਤਰ ਪੰਜਾਬੀ ਕਾਵਿ ਦਾ ਮਿਸ਼ਾਲ ਜਗ੍ਹਾ ਕੇ ਰਖੇਗਾ।"

ਸੁਰਜੀਤ ਪਾਤਰ ਜੀ ਜਦ ਪਹਿਲੀ ਵਾਰ ਪ੍ਰੋ. ਮੋਹਨ ਸਿੰਘ ਨੂੰ ਮਿਲੇ ਤਾਂ ਕਾਫੀ ਆਪਸੀ ਗੱਲਾਂ ਬਾਤਾਂ ਹੋਈਆਂ ਅਤੇ ਪਾਤਰ ਜੀ ਨੇ ਆਪਣੀ ਇੱਕ ਕਵਿਤਾ ਸੁਣਾਈ। ਕਵਿਤਾ ਸੁਣਨ ਤੋਂ ਬਾਅਦ ਮੋਹਨ ਸਿੰਘ ਨੇ ਪਾਤਰ ਨੂੰ ਕਿਹਾ ਕਿ ਤੇਰੇ ਕੋਲ ਔਜਾਰ ਸਾਰੇ ਹੈ ਕਵਿਤਾ ਦੇ ਪਰ ਤੂੰ ਵਿਸ਼ੇ ਸਹੀ ਚੁਣਿਆ ਕਰ।

ਸੁਰਜੀਤ ਪਾਤਰ ਦੀਆਂ ਜੇਕਰ ਰਚਨਾਵਾਂ ਦੀ ਗੱਲ ਕਰੀਏ ਤਾਂ ਹਵਾ ਵਿਚ ਲਿਖੇ ਹਰਫ਼ (1979), ਬਿਰਖ ਅਰਜ਼ ਕਰੇ (1992), ਹਨੇਰੇ ਵਿੱਚ ਸੁਲਗਦੀ ਵਰਨਮਾਲਾ (1992), ਲਫ਼ਜ਼ਾਂ ਦੀ ਦਰਗਾਹ (2003), ਪੱਤਝੜ ਦੀ ਪਾਜੇਬ, ਸਰ ਜ਼ਮੀਨ, ਚੰਨ ਸੂਰਜ ਦੀ ਵਹਿੰਗੀ। ਇਹਨਾਂ ਕਾਵਿ ਸੰਗ੍ਰਹਿਆਂ ਤੋਂ ਇਲਾਵਾ ਪਾਤਰ ਜੀ ਨੇ ਅਨੁਵਾਦ ਅਤੇ ਵਾਰਤਕ ਵਿਚ ਵੀ ਆਪਣੇ ਪੈਰ ਜਮਾਏ।

ਸੁਰਜੀਤ ਪਾਤਰ ਦੀ ਪ੍ਰਸਿੱਧੀ ਇੱਕ ਗ਼ਜ਼ਲਕਾਰ ਵਜੋਂ ਹੋਈ। ਪਾਤਰ ਸਾਹਬ ਨੇ ਪੰਜਾਬੀ ਗ਼ਜ਼ਲ ਨੂੰ ਰਾਗਆਤਮਿਕਤਾ ਦੇ ਕੇ ਉਸ ਦਾ ਮਿਆਰ ਹੋਰ ਉੱਚਾ ਕੀਤਾ। ਪਾਤਰ ਸਾਹਬ ਦੀ ਗ਼ਜ਼ਲ ਦੇ ਹਰ ਸੇਅਰ ਦੀ ਤਪਸ਼, ਸ਼ਬਦਾਂ ਵਿਚਲੀ ਗਹਿਰਾਈ ਮਨੁੱਖੀ ਮਨ ਨੂੰ ਭਵਨਾਤਿਮਕ ਤੌਰ 'ਤੇ ਝੰਜੋੜਦੀ ਹੈ।

ਕੁਝ ਕਿਹਾ ਤਾਂ ਹਨੇਰਾ ਜਰੇਗਾ ਕਿਵੇਂ

ਚੁੱਪ ਰਿਹਾ ਤਾਂ ਸ਼ਮਾਦਾਨ ਕੀ ਕਹਿਣਗੇ

ਗੀਤ ਦੀ ਮੌਤ ਇਸ ਰਾਤ ਜੇ ਹੋ ਗਈ

ਮੇਰਾ ਜੀਣਾ ਮੇਰੇ ਯਾਰ ਕਿੰਜ ਸਹਿਣਗੇ।

ਉਹਨਾਂ ਦੀ ਗ਼ਜ਼ਲ ਦੇ ਸੂਖਮ ਭਾਵਾਂ ਵਾਲੇ ਸ਼ੇਅਰ, ਅੰਦਰੂਨੀ ਧਰਾਤਲ ਨੂੰ ਟੁੰਬਦੇ ਅਤੇ ਹਿਰਨੀ ਦੀ ਚਾਲ ਵਾਂਗੂੰ ਚੁੰਗੀਆਂ ਭਰਦੇ ਹਨ। ਪਾਤਰ ਜੀ ਦੇ ਸਿਰ ਪੰਜਾਬੀ ਗ਼ਜ਼ਲ਼ ਨੂੰ ਉਰਦੂ ਦੇ ਪ੍ਰਭਾਵ ਤੋਂ ਮੁਕਤ ਕਰਨ ਦਾ ਅਤੇ ਇੱਕ ਆਧੁਨਿਕ ਤੇ ਪੰਜਾਬੀ ਰੰਗ ਵਾਲੀ ਪਛਾਣ ਦੁਆਉਣ ਦਾ ਸਿਹਰਾ ਜਾਂਦਾ ਹੈ।

ਜੇਕਰ ਪਾਤਰ ਜੀ ਦੇ ਕਿੱਤੇ ਦੀ ਗੱਲ ਕੀਤੀ ਜਾਵੇ ਤਾਂ 1969 ਵਿਚ ਉਹ ਬਾਬਾ ਬੁੱਢਾ ਕਾਲਜ ਬੀੜ ਸਾਹਿਬ, ਅੰਮ੍ਰਿਤਸਰ ਵਿਚ ਲੈਕਚਰਾਰ ਲੱਗੇ। ਇਸ ਤੋਂ ਬਾਅਦ ਉਹ ਪੰਜਾਬ ਖੇਤੀਬਾੜੀ ਯੂਨੀਵਸਿਟੀ ਲੁਧਿਆਣਾ ਵਿਚ ਅਧਿਆਪਕ ਵਜੋਂ ਨਿਯੁਕਤ ਹੋ ਗਏ ਅਤੇ ਇੱਥੇ ਹੀ ਪੰਜਾਬੀ ਦੇ ਪ੍ਰੋਫੈਸਰ ਦੇ ਤੌਰ ਤੇ ਸੇਵਾਮੁਕਤ ਹੋਏ। 2000 ਵਿਚ ਪੰਜਾਬੀ ਸਾਹਿਤ ਅਕਾਦਮੀ ਦੇ ਪ੍ਰਧਾਨ ਚੁਣੇ ਗਏ ਅਤੇ 2008 ਤੱਕ ਇਸ ਅਹੁਦੇ ਤੇ ਰਹਿੰਦਿਆ ਉਹਨਾਂ ਨੇ ਪੰਜਾਬੀ ਸਾਹਿਤ ਅਕਾਦਮੀ ਨੂੰ ਸਾਹਿਤਕ ਸਰਗਰਮੀਆਂ ਦਾ ਗੜ੍ਹ ਬਣਾ ਦਿੱਤਾ। 2013 ਵਿਚ ਪੰਜਾਬ ਸਰਕਾਰ ਨੇ ਉਹਨਾਂ ਨੂੰ ਪੰਜਾਬ ਸਾਹਿਤ ਅਕਾਡਮੀ ਚੰਡੀਗੜ੍ਹ ਦਾ ਪ੍ਰਧਾਨ ਨਾਮਜ਼ੱਦ ਕੀਤਾ। 2013 ਵਿਚ ਹੀ ਉਹਨਾਂ ਨੂੰ ਗੁਰੂ ਗ੍ਰੰਥ ਸਾਹਿਬ ਵਰਲਡ ਸਿੱਖ ਯੂਨੀਵਰਸਿਟੀ ਫਤਿਹਗ੍ਹੜ ਵਿਚ ਵਿਜਟਿੰਗ ਪ੍ਰੋਫੈਸਰ ਦੇ ਅਹੁਦੇ ਤੇ ਨਾਮਜਦ ਕੀਤਾ ਗਿਆ।

ਸੁਰਜੀਤ ਪਾਤਰ ਇੱਕ ਪੰਜਾਬੀ ਭਾਸ਼ਾ ਦਾ ਲੇਖਕ ਅਤੇ ਪੰਜਾਬ, ਭਾਰਤ ਦੇ ਕਵੀ ਸਨ। ਉਹਨਾਂ ਦੀਆਂ ਕਵਿਤਾਵਾਂ ਨੇ ਸਦਾ ਹੀ ਲੋਕਾਂ ਵਿਚ ਪ੍ਰਸਿੱਧੀ ਪ੍ਰਾਪਤ ਕੀਤੀ ਹੈ ਅਤੇ ਆਲੋਚਨਾ ਦੁਆਰਾ ਉੱਚ ਪ੍ਰਸੰਸਾ ਪ੍ਰਾਪਤ ਕੀਤੀ ਹੈ।

ਸੁਰਜੀਤ ਪਾਤਰ ਜੀ ਨੇ ਆਪਣੀ ਰਚਨਾ ਸ਼ੈਲੀ ਸਦਕਾ ਹੀ ਭਾਰਤ ਦੇ ਵੱਡਾ ਤੋਂ ਵੱਡੇ ਐਵਾਰਡ ਉੱਤੇ ਆਪਣਾ ਹੱਕ ਜਤਾਇਆ ਹੈ।

1993, ਵਿਚ 'ਹਨੇਰੇ ਵਿਚ ਸੁਲਗਦੀ ਵਰਣਮਾਲਾ ਲਈ ਸਾਹਿਤ ਅਕਾਦਮੀ ਪੁਰਸਕਾਰ।

1997, ਵਿਚ ਭਾਸ਼ਾ ਵਿਭਾਗ ਪੰਜਾਬ ਵੱਲੋਂ ਸ਼੍ਰੋਮਣੀ ਪੰਜਾਬੀ ਕਾਵੀ ਦਾ ਸਨਮਾਨ।

1999, ਵਿਚ ਭਾਰਤੀ ਭਾਸ਼ਾ ਪਰਿਸ਼ਦ ਕਲਕੱਤਾ ਵੱਲੋਂ ਪੰਚਨਦ ਪੁਰਸਕਾਰ।

2012, ਵਿਚ ਗੁਰੂ ਨਾਨਕ ਦੇਵ ਯੂਨੀਵਰਸਿਟੀ ਵੱਲੋਂ ਡਾਕਟਰ ਆਫ਼ ਫ਼ਿਲਾਸਫ਼ੀ ਆਨਰਜ ਕਾਜਾ ਉਪਾਧੀ ਨਾਲ ਸਨਮਾਨਿਤ।

2012, ਵਿਚ ਭਾਰਤ ਦੇ ਸਰਵ ਉੱਚ ਰਾਸਟਰੀ ਸਨਮਾਨ ਵਿਚੋਂ ਇੱਕ ਪਦਮ ਸ੍ਰੀ ਐਵਾਰਡ।

'ਲਫ਼ਜ਼ਾਂ ਦੀ ਦਰਗਾਹ' ਲਈ ਸਰਸਵਤੀ ਸਨਮਾਨ।

ਇਸ ਤੋਂ ਇਲਾਵਾ ਪਾਤਰ ਜੀ ਨੇ ਪੰਜਾਬੀ ਫੀਚਰ ਫਿਲਮ 'ਸ਼ਹੀਦ ਊਧਮ ਸਿੰਘ' ਦੇ ਡਾਇਲਾਗ ਲਿਖੇ ਤੇ ਆਪਣੀ ਮਖਮਲੀ ਆਵਾਜ਼ ਵਿਚ ਇੱਕ ਟੇਪ 'ਬਿਰਖ ਜੋਂ ਸਾਜ ਕਰੇ' ਵੀ ਆਇਆ।

ਅਚਾਨਕ ਹੀ ਜਦੋਂ ਸੁਰਜੀਤ ਪਾਤਰ ਜੀ ਦੇ ਇਸ ਦੁਨੀਆ ਤੋਂ ਚਲੇ ਜਾਣ ਦੀ ਖ਼ਬਰ ਫੈਲੀ ਤਾਂ ਸਾਰੇ ਹੀ ਪਾਸੇ ਇੱਕ ਸੋਗ ਦੀ ਲਹਿਰ ਦੌੜ ਪਈ। ਪੰਜਾਬ ਦਾ ਇਹ ਉੱਘਾ ਕਵੀ 11 ਮਈ 2024 ਨੂੰ ਦਿਲ ਦਾ ਦੌਰਾ ਪੈਣ ਕਾਰਨ ਇਸ ਫਾਨੀ ਸੰਸਾਰ ਨੂੰ ਅਲਵਿਦਾ ਕਹਿ ਗਿਆ।

ਮੈਂ ਜਿਨ੍ਹਾਂ ਲੋਕਾ ਲਈ ਪੁਲ ਬਣ ਗਿਆ ਸਾਂ

ਉਹ ਜਦੋਂ ਮੇਰੇ ਤੋਂ ਲੰਘ ਕੇ ਜਾ ਰਹੇ ਸਨ

ਮੈਂ ਸੁਣਿਆ ਮੇਰੇ ਬਾਰੇ ਕਹਿ ਰਹੇ ਸਨ

ਉਹ ਕਿੱਥੇ ਰਹਿ ਗਿਆ ਹੈ ਚੁੱਪ ਜਿਹਾ ਬੰਦਾ

ਸ਼ਾਇਦ ਪਿੱਛੇ ਮੁੜ ਗਿਆ ਹੈ

ਸਾਨੂੰ ਪਹਿਲਾ ਪਤਾ ਸੀ ਕਿ ਉਸ ਵਿਚ ਦਮ ਨਹੀਂ ਹੈ।

**ਇੰਦਰਜੀਤ ਸਿੰਘ**

**ਐਮ. ਏ. ਪੰਜਾਬੀ**

**ਦੂਜਾ ਸਾਲ**



# ਵੇਖ ਲੈ ਪਿਆਰਿਆ

ਪਤਣਾ ਦੇ ਆਬ ਦਾ ਵੀ, ਹਾਲ ਤੂੰ ਪੰਜਾਬ ਦਾ ਵੇ,
ਆਪਣੇ ਰਬਾਬ ਦਾ ਵੀ, ਵੇਖ ਲੈ ਪਿਆਰਿਆ।

ਰੋਗਾਂ ਦੀ ਦਵਾ ਦੇ ਉੱਤੇ, ਮਸਤੀ ਦੇ ਨਾਂ ਦੇ ਉੱਤੇ,
ਨਸ਼ੇ ਹਰ ਥਾਂ ਦੇ ਉੱਤੇ, ਵੇਖ ਲੈ ਪਿਆਰਿਆ।

ਠੱਗ ਦੇ ਵੀ ਠੱਗ ਏਥੇ, ਜੋਗੀਆ ਦੇ ਵੱਗ ਏਥੇ
ਭੁੱਲੀ ਫਿਰੇ ਜੱਗ ਏਥੇ, ਵੇਖ ਲੈ ਪਿਆਰਿਆ।

ਬਾਲੀ ਜਿਹੇ ਯੋਧੇ ਸੂਰੇ, ਭਾਈ ਜਦੋਂ ਭਾਈ ਮੂਰ੍ਹੇ
ਲੰਕਾ ਜਿਹੇ ਰਾਜ ਪੂਰੇ, ਢਹਿ ਢੇਰੀ ਪਿਆਰਿਆ।

ਜਲ ਜਿਵੇਂ ਜਲ ਨਾਲ, ਅੱਜ ਜਿਵੇਂ ਕੱਲ੍ਹ ਨਾਲ,
ਏਦਾਂ ਦੋਵੇਂ ਚੱਲ ਨਾਲ, ਹੋ ਜਾਈਏ ਪਿਆਰਿਆ।

ਕੱਲੇ ਨੰਗੇ ਤਨ ਨਾਲ, ਮੈਲੇ ਮੈਲੇ ਮਨ ਨਾਲ
ਉੱਚੇ ਉੱਚੇ ਪਹਾੜਾਂ ਵੱਲ, ਜੰਗਲ ਉਜਾੜਾਂ ਵੱਲ।

ਸੁੰਨੇ ਸੁੰਨੇ ਰਾਹਵਾਂ ਵੱਲ, ਪਿੰਡੇ 'ਤੇ ਸਵਾਹਾਂ ਮਲ਼

ਗਿਰਜੇ ਮਸੀਤਾਂ ਵਿਚੋਂ, ਅਡੰਬਰ ਕੁਰੀਤਾਂ ਵਿਚੋਂ।

ਤੋਤੇ ਵਾਂਗੂੰ ਨਾਮ ਰੱਟੇ, ਭੁੱਖੇ ਢਿੱਡ ਦਿਨ ਕੱਟੇ,

ਲੱਭ ਲੱਭ ਹਰ ਥੱਕੇ, ਕਿੱਥੇ ਐ ਪਿਆਰਿਆ?

**ਗੁਰਜਿੰਦਰ ਸ਼ਾਹ**

**ਐੱਮ. ਏ. ਪੰਜਾਬੀ**



# ਬੇਕਾਰ ਏ ਜ਼ਹਿਰ

ਸ਼ਾਮ ਦੇ ਹਨੇਰੇ ਦੀ ਉਡੀਕ ਹੈ, ਜੀ ਗੁਜ਼ਰ ਗਈ ਦੁਪਹਿਰ ਏ।

ਕਿ ਕਿਸੇ ਬੀਆਬਾਨ ਨੇ ਸੋਖ ਲਈ ਹੈ, ਸਾਹਾਂ ਦੀ ਨਹਿਰ ਏ।

ਕਿ ਮੌਤ ਵਰਗਾ ਹੀ ਨਜ਼ਾਰਾ ਹੈ, ਜੇ ਸੱਜਣ ਮੁੱਕਰੇ ਵਾਅਦਿਓਂ,

ਤੋੜ ਦੇਣਾ ਅੰਦਰੋਂ ਹੀ ਮੌਤ ਕਿਸੇ ਦੀ, ਤੇ ਬੇਕਾਰ ਏ ਜ਼ਹਿਰ ਏ।

ਜੇ ਹਰ ਵਾਰ ਪੈ ਜੇ ਹਾਰਨਾ ਇੱਥੇ, ਕਿਸੇ ਝੂਠੇ ਅੱਗੇ ਸੱਚੜੇ ਨੂੰ,

ਕਿ ਦੱਸ ਜੱਗ ਵਿਚ ਬਾਕੀ ਕੋਈ, ਕੀ ਇਹਤੋਂ ਵੱਡਾ ਕਹਿਰ ਏ?

ਇਸ਼ਕਾਂ 'ਚ ਧੋਖੇ, ਫਰੇਬ ਕਰ ਦਿਆਂ, ਜਿੱਤ ਲੈਣਾ ਜਿਸਮਾਂ ਨੂੰ,

ਲੁਕਾ ਦਿਓ ਪਾਕ ਸੋਚ ਕਿਤੇ, ਚੱਲੇ ਫਰੇਬੀਆਂ ਦੀ ਲਹਿਰ ਏ।

ਵੇ ਤੇਰੇ ਤਾਂ ਏ ਖ਼ਯਾਲ ਵੀ, ਪ੍ਰਵਾਨ ਨਹੀਂ ਓ ਕਿਸੇ ਨੂੰ ਆਉਣੇ,

ਗ਼ਜ਼ਲ ਦਾ ਨਾ ਕੋਈ ਵਜ਼ਨ-ਤੋਲ, ਤੇ ਨਾ ਹੀ ਕੋਈ ਬਹਿਰ ਏ।

ਚੱਲ 'ਸਾਹਿਬ' ਚੱਲ ਬੰਨ੍ਹ ਪੰਡ, ਤੁਰ ਚੱਲ ਇਹ ਜ਼ਮਾਨੇ ਤੋਂ ਜੋ,

ਝੂਠ,ਲਾਰੇ,ਬੇਯਕੀਨੀ ਭਰਿਆ ਵੇ, ਤੇਰੇ ਲਈ ਨਈਂ ਸ਼ਹਿਰ ਏ।

**ਸਾਹਿਬਜੀਤ ਸਿੰਘ**

**ਬੀ. ਏ. ਤੀਜਾ ਸਾਲ**



# ਸੁਰਜੀਤ



ਕਿ ਓਹਦਾ ਛੱਡਿਆ ਤੀਰ ਮੇਰੇ ਤਾੜ ਕਲੇਜੇ ਲੱਗਾ
ਹੱਢ ਮਾਸ ਨੂੰ ਚੀਰਦਾ ਛਾਤੀ ਪਾੜ ਕਲੇਜੇ ਲੱਗਾ।

ਐਸਾ ਕੀਤਾ ਛੇਦ ਕੋਈ ਦਵਾ ਦਾਰੂ ਨਾ ਕੰਮ ਆਵੇ
ਜਿਉਂ ਗਾਡੀਵ ਦੀ ਪ੍ਰਤਿਯੰਚਾ 'ਤੇ ਚਾੜ ਕਲੇਜੇ ਲੱਗਾ।

ਬ੍ਰਹਮਅਸਤਰ ਹੀ ਹੈ ਜਿਸਦਾ ਤੋੜ ਕੋਈ ਨਾ ਲੱਭੇ
ਤ੍ਰਿਸ਼ੂਲ ਵਜਰ ਸੁਦਰਸ਼ਨ ਸਭ ਝਾੜ ਕਲੇਜੇ ਲੱਗਾ।

ਸਨਮ ਜਾਂ ਬੇਵਫ਼ਾ ਦੱਸੋ ਕੀ ਨਾਮ ਦਵਾਂ ਉਸ ਕਾਤਲ
ਜੋ ਉਮਰਾਂ ਦੀ ਸਾਡੀ ਸ਼ਿੱਦਤ ਨੂੰ ਸਾੜ ਕਲੇਜੇ ਲੱਗਾ।

ਮੁੜ ਸੁਰਜੀਤ ਨਹੀਂ ਹੋਣਾ ਇਸ ਰੂਹ ਪਾਕ ਦੇ ਬਾਸ਼ਿੰਦੇ
ਸੰਜੀਵਨੀਆਂ ਦੇ ਬਾਗ ਨੂੰ ਜੋ ਉਜਾੜ ਕਲੇਜੇ ਲੱਗਾ।

**ਪ੍ਰੀਤ ਸਿੰਘ ਭੈਣੀ**
**ਐੱਮ. ਏ. ਪੰਜਾਬੀ.**
**ਦੂਜਾ ਸਾਲ**



# ਜ਼ਿੰਦਗੀ ਜਿੰਦਾਬਾਦ

ਐਵੇਂ ਨਾ ਝੂਠੇ ਲੋਕਾਂ ਦੀਆਂ, ਮੁੱਠੀਆਂ ਭਰਿਆ ਕਰ।

ਸੱਚ ਦੇ ਨਾਲ ਖਲੋਵਣ ਦੀ ਵੀ, ਹਿੰਮਤ ਕਰਿਆ ਕਰ।

ਦਮ-ਦਮ ਉੱਤੇ, ਡਰ ਦੇਵਣ ਦੀਆਂ, ਗੱਲਾਂ ਕਰਦਾ ਏ,

ਇੱਕ ਦਿਨ ਦਮ ਦੇਣੇ ਪੈਣੇ ਨੇ, ਕੁਝ ਤਾਂ ਡਰਿਆ ਕਰ।

ਦਰਿਆ ਨੀਵੇਂ ਪਾਸੇ ਵਹਿ ਕੇ ਹੋਂਦ ਗਵਾ ਬਹਿੰਦੇ,

ਉਲਟ ਹਲਾਤਾਂ ਵਿਚ ਵੀ, ਮੱਛੀ ਵਾਂਗਰ ਤਰਿਆ ਕਰ।

ਕਾਂਵਾਂ-ਰੌਲੀ ਦੇ ਵਿਚ ਹਿੱਸਾ ਬਣ ਗਿਆ ਰੌਲੇ ਦਾ,

ਕਦੇ ਕੋਇਲ ਦੀ ਮਿੱਠੀ ਸੁਰ 'ਤੇ ਵੀ ਕੰਨ ਧਰਿਆ ਕਰ।

ਰਾਜਿਆਂ ਦੇ ਸਿਰ ਉੱਤੇ, ਹਮੇਸ਼ਾਂ ਤਾਜ ਨਹੀਂ ਰਹਿੰਦੇ,

ਸਭ ਦਾ ਆਪਣਾ ਬਣ ਕੇ, ਰਾਜ ਦਿਲਾਂ 'ਤੇ ਕਰਿਆ ਕਰ।

ਜੇ ਜੀਵਨ ਜਿਊਣਾ ਤਾਂ, ਜ਼ਿੰਦਾਬਾਦ ਜ਼ਰੂਰੀ ਹੈ,

ਐਵੇਂ ਨਾ ਗੱਲ-ਗੱਲ 'ਤੇ, ਹਉਕੇ ਲੈ ਕੇ ਮਰਿਆ ਕਰ।

ਮਾਨਵਤਾ ਦੇ ਬੂਟੇ, ਫਿਰ ਗੁਲਜ਼ਾਰ ਹੋ ਜਾਵਣਗੇ,

ਸਹਿਬਾਜ ਜਰਾ ਪਿਆਰਾਂ ਦੀ ਬੱਦਲੀ ਬਣਕੇ ਵਰ੍ਹਿਆ ਕਰ।

**ਸਹਿਬਾਜਦੀਪ ਸਿੰਘ ਗੁਲਸ਼ਨ**

**ਐੱਮ. ਏ. ਪੰਜਾਬੀ ਦੂਜਾ ਸਾਲ**



# ਅੰਬਰਸਰੋਂ ਲਾਹੌਰ

ਸਾਡੀ ਗੱਲ ਵੱਲ ਕਰੀਂ ਜਰਾ ਗੌਰ ਸੱਜਣਾ,

ਸਾਡਾ ਤੇਰੇ ਬਿਨਾ ਕੋਈ ਨਹੀਂਉਂ ਹੋਰ ਸੱਜਣਾ,

ਤੂੰ ਬਣ ਜਾਵੇ ਮੇਰਾ ਕਿਤੇ ਚੰਨ ਸੋਹਣਿਆ,

ਤੇ ਮੈਂ ਬਣ ਜਾਵਾਂ ਤੇਰੀ ਚਕੋਰ ਸੱਜਣਾ।

ਚਾਲ ਤੇਰੀ ਹਾਣੀਆਂ ਵੇ ਏਦਾਂ ਮੈਨੂੰ ਜਾਪਦੀ,

ਜਿਉਂ ਬਾਗਾਂ ਵਿਚ ਨੱਚਦਾ ਏ ਮੋਰ ਸੱਜਣਾ।

ਸੁਧ ਬੁਧ ਖੋਈ ਕੁਝ ਸਮਝ ਨਾ ਲੱਗੇ,

ਬਸ ਚੜ੍ਹੀ ਤੇਰੇ ਪਿਆਰ ਵਾਲੀ ਲੋਰ ਸੱਜਣਾ।

ਤੂੰ ਵੀ ਕਦੇ ਪਿਆਰ ਦੇ ਦੋ ਮਿੱਠੇ ਬੋਲ ਬੋਲ ਵੇ,

ਕਾਹਨੂੰ ਕੀਤਾ ਹੋਇਆ ਚਿੱਤ ਤੂੰ ਕਠੋਰ ਸੱਜਣਾ।

ਤੂੰ ਜਦ ਚੁੱਪ ਹੋਵੇ ਜੱਗ ਮੈਨੂੰ ਉਜੜਿਆ ਜਾਪੇ,

ਚੁੱਪ ਤੇਰੀ ਏ ਮਚਾਉਂਦੀ ਬੜਾ ਸ਼ੋਰ ਸੱਜਣਾ।

ਉਂਝ ਵੇਖਣ ਨੂੰ ਭੋਲਾ ਭਾਲਾ ਮਸੂਮ ਜਿਹਾ ਜਾਪੇ,

ਪਰ ਲੱਗੇ ਮੈਨੂੰ ਦਿਲਾਂ ਦਾ ਏ ਚੋਰ ਸੱਜਣਾ।

ਕਰਕੇ ਨਿਕਾਹ ਮੈਨੂੰ ਲੈਜਾ ਦੇਸ ਆਪਣੇ,

ਕਦੋਂ ਜੰਞ ਚੜ੍ਹੂ ਅੰਬਰਸਰੋਂ ਲਾਹੌਰ ਸੱਜਣਾ।

**ਸਤਨਾਮ ਸਿੰਘ ਵੇਰਕਾ**

**ਬੀ. ਏ. ਤੀਜਾ ਸਾਲ**



# ਆਖ਼ਰੀ ਤਮੰਨਾ

ਜ਼ਿੰਦਗੀ ਨੇ ਮੁੜ ਕੇ ਆਉਣਾ ਨਈਂ,
ਮੈਂ ਚਾਹੁੰਦੀ ਤੈਨੂੰ, ਗਵਾਉਣਾ ਨਈਂ।

ਤੂੰ ਮੇਰੇ ਦਿਲ ਦਾ, ਸੁਕੂਨ ਏ ਸੱਜਣਾ,
ਕੋਈ ਹੋਰ ਇਸ ਦਿਲ 'ਚ, ਆਉਣਾਂ ਨਈ।

ਤੁਰੀ ਫਿਰਾਂਗੀ ਜ਼ਿੰਦਾ ਲਾਸ਼ ਵਾਂਗਰ,
ਇਸ ਰੂਹ ਨੇ ਤੇਰੇ ਬਿਨ, ਜਿਉਣਾ ਨਈਂ।

ਲੱਖ ਕਰੇ ਜ਼ਮਾਨਾ ਗੱਲ ਮੈਨੂੰ,
ਤੇਰੇ ਬਿਨ ਮੈਂ ਕਿਸੇ ਦੀ, ਹੋਣਾ ਨਈਂ।

ਹਾਂ ਮੰਨਿਆ !!
ਤੂੰ ਮੇਰੀ ਜ਼ਿੰਦਗੀ ਦੀ ਆਖ਼ਰੀ ਤਮੰਨਾ ਏ ਸੱਜਣਾ,
ਪਰ ਤੇਰੀ ਮਰਜ਼ੀ ਤੋਂ ਬਿਨਾ, ਤੈਨੂੰ ਪਾਉਣਾ ਨਈਂ।

ਹਰ ਜਨਮ ਲਈ ਮੰਗਾਂ ਤੈਨੂੰ, ਮੈਂ ਰੱਬ ਤੋਂ,
ਤੈਥੋਂ ਵੱਖ ਮੈਂ ਚਾਹੁੰਦੀ, ਕਦੇ ਹੋਣਾ ਨਈਂ।



**ਐਸ. ਪੀ. ਘੁੰਮਣ**

**ਬੀ. ਏ.**

# ਨਸ਼ਿਆਂ ਦੇ ਸਿਰ 'ਤੇ

ਹੌਸਲਾ ਕੀਤਾ ਏ ਸੱਚੀ ਗੱਲ ਕਹਿਣ ਦਾ,

ਆ ਗਿਆ ਏ ਵੇਲਾ ਲੋਕੋ ਹੱਕ ਲੈਣ ਦਾ,

ਪਿੰਡ ਵਿਚ ਰਹਿ ਕੇ ਇੱਜ਼ਤ ਕਮਾਈ ਦੀ,

ਨਸ਼ਿਆਂ ਦੇ ਸਿਰ ਤੇ ਨੀ ਵੋਟ ਪਾਈ ਦੀ..

ਧਰਮਾਂ 'ਚ ਵੜ ਕੇ ਨੀ ਪੰਚ ਚੁਣੀ ਦਾ,

ਖਹਿਬਾਜ਼ੀ 'ਚ ਨੀ ਸਰਪੰਚ ਚੁਣੀ ਦਾ,

ਮਾਰ ਕੇ ਜ਼ਮੀਰ ਅਣਖ ਨੀ ਵਿਖਾਈ ਦੀ..

ਨਸ਼ਿਆਂ ਦੇ ਸਿਰ 'ਤੇ ਨੀ ਵੋਟ ਪਾਈ ਦੀ..

ਪੱਕਾ ਹੋਵੇ ਜੇ ਇਰਾਦਾ ਤਾਹੀਓਂ ਚੋਣ ਲੜੀਏ,

ਵੋਟਾਂ ਭੰਨਣ ਲਈ ਨਾ ਜਾ ਕੇ ਵਿਚ ਖੜੀਏ,

ਸਕਿਆਂ 'ਚ ਫੁੱਟ ਨਹੀਂ ਕਦੇ ਪਵਾਈ ਦੀ..

ਨਸ਼ਿਆਂ ਦੇ ਸਿਰ ਤੇ ਨੀ ਵੋਟ ਪਾਈ ਦੀ..

ਤਕੜੇ ਦੇ ਪਿੱਛੇ ਨਹੀਂਓ ਮਾੜਾ ਛੱਡੀ ਦਾ,

ਇੰਤਜ਼ਾਰ ਕਰੀਏ ਨਾ ਕਾਰ-ਗੱਡੀ ਦਾ,

ਹੱਕਾਂ ਨੂੰ ਪਛਾਣ ਗੱਲ ਸਿਰੇ ਲਾਈ ਦੀ..

ਨਸ਼ਿਆਂ ਦੇ ਸਿਰ 'ਤੇ ਨੀ ਵੋਟ ਪਾਈ ਦੀ..

ਦਿਖਾਵੇ ਲਈ ਕਦੇ ਨੀ ਟਾਈਮ ਪਾਸ ਕਰੀ ਦਾ,

ਨੇਕੀ ਨਾਲ ਪਿੰਡ ਦਾ ਵਿਕਾਸ ਕਰੀ ਦਾ,

ਆਜੋ ਕਰੀਏ ਸਿਫ਼ਤ ਪਿੰਡ ਦੀ ਚੜ੍ਹਾਈ ਦੀ..

ਨਸ਼ਿਆਂ ਦੇ ਸਿਰ 'ਤੇ ਨੀ ਵੋਟ ਪਾਈ ਦੀ..

**ਸੁਖਬੀਰ ਕੌਰ ਬਾਠ**

**ਐੱਮ. ਏ. ਪੰਜਾਬੀ.**



# ਢਲਦੀ ਸ਼ਾਮ



ਅਮਨਦੀਪ ਕੌਰ

ਬੀ. ਏ. ਪਹਿਲਾ ਸਾਲ



# ਖ਼ੁਆਬ





# ਗਵਾਚ ਗਏ

ਕਲਮ ਚੁੱਕੀ ਤਾਂ

ਅੱਖਰ ਗਵਾਚ ਗਏ,

ਅੱਖਰ ਲੱਭੇ ਤਾਂ

ਅਹਿਸਾਸ ਗਵਾਚ ਗਏ,

ਕਰਦੇ ਕਰਾਉਂਦੇ

ਸਭ ਇਕੱਠਾ ਕੀਤਾ,

ਪਰ ਜਿਸਦੇ ਲਈ

ਲਿਖਣਾ ਸੀ,

ਆਖਿਰ ਉਹ

ਸਖ਼ਸ਼ ਗਵਾਚ ਗਏ।

ਅੰਮ੍ਰਿਤਪ੍ਰੀਤ ਕੌਰ

ਬੀ. ਪੀ. ਟੀ. ਪਹਿਲਾ ਸਾਲ



# ਜੇਕਰ ਯਕੀਨ ਨਾ ਹੋਵੇ

ਕੁਝ ਪਲ਼ ਲਈ ਮੈਂ ਠਹਿਰਦਾ,

ਕੁਝ ਪਲ਼ ਲਈ ਤੂੰ ਰੁਕ ਜਾਵੀਂ ,

ਇੰਤਜ਼ਾਰ ਬੇਸ਼ੱਕ ਮੈਂ ਤੇਰਾ ਕਰ ਲੈਣਾ,

ਪਰ ਦੇਖੀਂ ਚੱਲ ਏਨਾ ਨਾ ਕਰਾਵੀਂ ,

ਸਾਨੂੰ ਰੁੱਸਿਆਂ ਨੂੰ ਚੱਲ ਰੁਸਿਆ ਰਹਿਣ ਦੇਵੀਂ,

ਤੂੰ ਬਸ ਆਪਣਾ ਮਨ ਮਨਾਈ,

ਇੱਕ ਪੂਰੀ ਉਮਰ ਬੈਠੇ ਰਹਾਂਗੇ ਤੇਰੀ ਰਾਹ ਉਡੀਕਦਿਆਂ,

ਜੇਕਰ ਯਕੀਨ ਨਾ ਹੋਵੇ,

ਤਾਂ ਸੱਚ ਦੇਖਣ ਮੇਰੇ ਕੋਲੇ ਆ ਜਾਵੀਂ,

ਜ਼ਿਆਦਾ ਕੁਝ ਨਾ ਮੰਗੂ ਇਸ ਦੇ ਬਦਲੇ ਬਸ,

ਕੁਝ ਪਲ਼ ਲਈ ਮੈਂ ਨਿਹਾਰੂੰ,

ਕੁਝ ਪਲ਼ ਮੇਰੇ ਨੇੜੇ ਹੋ ਬਹਿ ਜਾਵੀਂ।

**ਰੀਆ ਸ਼ਰਮਾ**

**ਬੀ. ਪੀ. ਟੀ. ਦੂਜਾ ਸਾਲ**



# ਰਾਧਾ ਕ੍ਰਿਸ਼ਨਾ



ਤਰਨ ਕੌਰ

ਬੀ. ਪੀ. ਟੀ.

ਪਹਿਲਾ ਸਾਲ



# ਕਲਮ ਘਸਾ ਮਾਰੀ

ਤੇਰੀ ਯਾਦ 'ਚ ਐਸੀ ਹਾਅ ਮਾਰੀ
ਮੈਂ ਸਾਰੇ ਅੰਬਰ ਨੂੰ ਸੁਣਾ ਮਾਰੀ

ਰੱਖੀ ਤੇਰੀ ਦਿੱਤੀ ਇੱਕ ਗਾਨੀ
ਬਾਕੀ ਸਾਰੀ ਦੌਲਤ ਵਗ੍ਹਾ ਮਾਰੀ

ਸੋਹਣੀ ਨਾ ਮਿਲੀ ਜਦ ਤਰਨਾ ਸਿੱਖੇ
ਫੋਲ ਸਾਰੀ ਦੀ ਸਾਰੀ ਝਨਾ ਮਾਰੀ

ਅੱਜ ਇੱਕ ਸਤਰ ਨਾ ਜੁੜੀ ਮੈਥੋਂ
ਬਸ ਫੋਕੀ ਕਲਮ ਘਸਾ ਮਾਰੀ

ਸੁਖਬੀਰ ਸੋਨਾ
ਐੱਮ. ਏ. ਪੰਜਾਬੀ



# ਗੁਮਾਨ

ਦੋ ਪਲ਼ ਦੀ ਜ਼ਿੰਦਗਾਨੀ

ਕਾਤੋਂ ਕਰੇ ਮਨਮਾਨੀ।

ਕੋਈ ਲੱਭ ਲੈ ਤੂੰ ਹੱਲ,

ਖੁਸ਼ ਰਹਿ ਤੂੰ ਚੱਲ।

ਸਾਡਾ ਤੂੰ ਕੀ ਏ ਸਾਨੀ,

ਜਿਹਦਾ ਰੱਬ ਵੀ ਨਾ ਹਾਣੀ।

ਛੱਲਾਂ ਮਾਰਦੇ ਏ ਪਾਣੀ,

ਸੁਣੇ ਧੋਖੇ ਜ਼ੁਬਾਨੀ।

ਜ਼ਿੰਦਗੀ ਦੀ ਇੱਕੋ ਹੀ ਤਰੀਕ ਪੱਕੀ ਰੱਖ,

ਗੁਮਾਨ ਵਾਲੀ ਆਪਣੀ ਅੱਖ ਨਿੱਕੀ ਰੱਖ।

ਜਾਣਾ ਓਹਦੇ ਦਰ ਕੋਈ ਕਰ ਤੂੰ ਹੱਲ,

ਨਫ਼ੇ ਨੁਕਸਾਨ ਤੋਂ ਹਿਸਾਬ ਨਾਲ ਚੱਲ।

ਨਰਕ ਸੁਰਗ ਦੀ ਸੇਕ ਨੇ ਸਤਾਉਣਾ ਏ,

ਇੱਕ ਦਿਨ ਵਿਆਹੁਣ ਤੈਨੂੰ ਕਿਸੇ ਆਉਣਾ ਏ।

ਚੂੜਾ ਪਾਉਣਾ ਤੇਰੇ ਕਿਸੇ ਪਾਪ ਪੁੰਨ ਦਾ,

ਰੱਬ ਦੀ ਰਜ਼ਾ 'ਚ ਜ਼ੋਰ ਨਹੀਓਂ ਚਲਦਾ।

ਖੁਸ਼ ਰਹਿ ਤੂੰ ਖੁਸ਼ੀਆਂ ਨੂੰ ਰੱਖ ਸਾਹਵੇਂ,

ਦੁੱਖਾਂ ਵਾਲੀ ਮਹਿਫ਼ਲਾਂ ਨੂੰ ਅੱਗ ਲਾਵੇ!

**ਰਣਜੀਤ ਕੌਰ**

**ਐੱਮ. ਏ. ਪੰਜਾਬੀ**




# ਏਹੀ ਏ ਬੰਦਾ

ਰੁਲਿਆ-ਖੁਲਿਆ ਘੁਲਿਆ ਬੰਦਾ
ਰੱਬਾ ਦੱਸ ਹਾਂ ਏਹੀ ਏ ਬੰਦਾ

ਬੰਦੇ ਨੂੰ ਨਾ ਬੰਦਾ ਜਾਣੇ
ਨਾ ਚੰਗੀ ਮੰਦੀ ਰਮਜ਼ ਪਛਾਣੇ
ਬਸ਼ਿੰਦਾ ਚੰਗਾ ਮੰਦਾ ਬੰਦਾ
ਦੱਸ ਹਾਂ ਰੱਬਾ ਏਹੀ ਏ ਬੰਦਾ

ਕੀਤੇ ਕੰਮ ਨਾ ਕੀਤੇ ਜਾਣੇ
ਚੰਗੇ ਮੰਦੇ ਤੇਰੇ ਭਾਣੇ
ਫਰੇਬੀ ਕਰਮੀ ਧਰਮੀ ਬੰਦਾ
ਦੱਸ ਹਾਂ ਰੱਬਾ ਏਹੀ ਏ ਬੰਦਾ

**ਉਂਕਾਰ ਸਿੰਘ**
**ਐੱਮ. ਏ. ਪੰਜਾਬੀ**



# ਵਫ਼ਾਦਾਰੀ ਦਾ ਸੰਗੀਤ

ਤੇਰੇ ਪਿਆਰ ਦੀ ਲੋਅ ਨੂੰ ਸਦਾ ਜਗਾਈ ਰੱਖਾਂਗਾ
ਤੇਰੇ ਮੱਥੇ ਤੇ ਖੁਸ਼ੀਆਂ ਦੀ ਬਿੰਦੀ ਸਜਾਈ ਰੱਖਾਂਗਾ

ਅੱਖਾਂ ਤੇਰੀਆਂ 'ਚ ਸੁਰਮਾਂ ਮੈਂ ਪਾਵਾਂਗਾ ਸੱਚ ਦਾ
ਝੂਠ ਦੇ ਦੀਵੇ ਨੂੰ ਮੈਂ ਹਮੇਸ਼ਾ ਏਦਾਂ ਬੁਝਾਈ ਰੱਖਾਂਗਾ


ਚੰਨ ਦੀ ਚਾਨਣੀ ਵਾਂਗ ਬਣਿਆ ਰਹਾਂਗਾ ਰੋਸ਼ਨੀ
ਦੁੱਖਾਂ ਦੇ ਪਰਛਾਵਿਆਂ ਨੂੰ ਤੇਰੇ ਤੋਂ ਲੁਕਾਈ ਰੱਖਾਂਗਾ

ਪੈਰ 'ਚ ਪਾ ਕੇ ਆਪਣੇ, ਤੇਰੇ ਨਾਮ ਦੀਆਂ ਝਾਜਰਾਂ ਨੂੰ
ਵਫ਼ਾਦਾਰੀ ਦਾ ਸੰਗੀਤ ਇਸ ਕਦਰ ਸੁਣਾਈ ਰੱਖਾਂਗਾ

ਮਨਦੀਪ ਸਿੰਘ
ਐੱਮ. ਏ. ਪੰਜਾਬੀ



# ਪੋਰਟਰੇਟ





ਹਰਜੀਤ ਸਿੰਘ

ਐਮ. ਏ. ਸਾਲ ਫਾਈਨ ਆਰਟ

ਦੂਜਾ ਸਾਲ

# ਆਸ ਬਾਕੀ ਏ

ਸਾਰੀ ਉਮਰ ਛੱਡ ਨਹੀਂ ਸਕਦਾ
ਹਲੇ ਇੱਕ ਜਿਉਂਦੀ ਆਸ ਬਾਕੀ ਏ

ਉੱਡਾਂ ਆਸਮਾਨ 'ਚ ਜਾਂ ਰੁਲਜਾ ਮਿੱਟੀ 'ਚ
ਮੇਰੇ ਪਰਾਂ 'ਚ ਇੱਕ ਹਲੇ ਉਡਾਰ ਬਾਕੀ ਏ

ਕੱਲਾ ਨਹੀਂ ਰਹਿੰਦਾ ਨਾਂ ਹੀ ਰਿਹਾ ਜਾਂਦਾ ਏ
ਤੇਰੀਆਂ ਯਾਦਾਂ ਦਾ ਇੱਕ ਭੰਡਾਰ ਬਾਕੀ ਏ

ਸਾਹ ਨਿਕਲ ਜਾਣ ਚਾਹੇ ਹੁਣ ਇਹੀ
ਪਰ ਆਖਰੀ ਸਾਹ ਤੱਕ ਪਿਆਰ ਬਾਕੀ ਏ

ਜਿਨਾਂ ਚਿਰ ਇਹਨਾਂ ਅੱਖਾਂ ਨੂੰ ਦੁਨੀਆਂ ਦਿਸਦੀ ਏ
ਓਨਾਂ ਚਿਰ ਤੇਰਾ ਮੇਰੀਆਂ ਅੱਖਾਂ ਇੰਤਜ਼ਾਰ ਬਾਕੀ ਏ



ਸ਼ੇਰਾ ਸਿੰਘ
ਐੱਮ. ਏ. ਮਿਊਜ਼ਕ
ਦੂਜਾ ਸਾਲ

# ਮੌਤ ਦੀ ਵਜ੍ਹਾ

ਤੇਰੇ ਚਿਹਰੇ ਤੇ ਜੋ ਨੂਰ ਆ ਧੀਏ
ਕਿਸੇ ਗੱਲ ਦਾ ਸਰੂਰ ਆ ਧੀਏ
ਅੱਜ ਮੇਰੇ ਤੋਂ ਨਿਗਾਹ ਚੁਰਾਵੇ
ਕੋਈ ਤੇ ਗੱਲ ਜ਼ਰੂਰ ਆ ਧੀਏ
ਫ਼ੋਨ ਤੇਰਾ ਮੇਥੋਂ ਸ਼ੋ ਨਾ ਹੋਵੇ
ਜਿਦੇ ਤੋਂ ਡਰਦਾ ਗੱਲ ਕੀਤੇ ਉਹ ਨਾ ਹੋਵੇ
ਗ਼ਲਤ ਰਾਹਾਂ ਤੇ ਤੁਰਨ ਤੋਂ ਪਹਿਲਾਂ
ਮੇਰੀ ਪੱਗ ਵੇਖ਼ ਥੰਮ ਜਾਵੀਂ
ਵਜ੍ਹਾ ਹਾਸੇ ਦੀ ਬਣਦੀ ਬਣਦੀ
ਮੌਤ ਦੀ ਵਜ੍ਹਾ ਨਾ ਬਣ ਜਾਵੀਂ

ਤੂੰ ਅੱਖਾਂ ਸਾਹਵੇਂ ਹੋਵੇ ਨਾ ਤੇ ਸਾਹ ਨੇ ਸੁੱਕਦੇ
ਜੇ ਧੀ ਦਾ ਮਿਹਣਾ ਮੋਡੇ ਲੱਗ ਜੇ
ਫੇਰ ਇੱਜ਼ਤ ਖੱਟਣ ਦੇ ਰਾਹ ਨੇ ਮੁੱਕਦੇ
ਕਾਲਜ ਤੋਂ ਲੇਟ ਹੋਵੇ ਤਾਂ ਤੂੰ
ਮਾੜੇ ਖ਼ਿਆਲ ਸੀਨੇ ਆ ਨੇ ਟੁੱਕਦੇ
ਤੇਰੀ ਸਿਆਣਪ ਨਾਲ ਸਿਰ ਉੱਚਾ' ਮੇਰਾ
ਮੇਰੀ ਸੋਚ ਨੂੰ ਪੱਲੇ ਬੰਨ੍ਹ ਜਾਵੀਂ
ਵਜ੍ਹਾ ਹਾਸੇ ਦੀ ਬਣਦੀ ਬਣਦੀ
ਮੌਤ ਦੀ ਵਜ੍ਹਾ ਨਾ ਬਣ ਜਾਵੀਂ



ਪੰਕਜ
ਬੀ. ਏ. ਦੂਜਾ ਸਾਲ

# ਸ਼ਿਵ

ਤੂੰ ਸ਼ਿਵ ਨੂੰ ਮੰਨੇ

ਤੇ ਮੈਂ ਪੜ੍ਹਦਾ ਹਾਂ

ਤੂੰ ਜਪਦੀ ਏ ਓਹਨੂੰ

ਮੈਂ ਸ਼ਿਵ ਨੂੰ ਘੜਦਾ ਹਾਂ

ਤੈਨੂੰ ਇਤਬਾਰ ਓਹਦੇ 'ਤੇ

ਤੇ ਮੈਂ ਓਹਦੇ ਨਾਲ ਲੜਦਾ ਹਾਂ

ਤੂੰ ਓਹਦੀ ਬਰਫ਼ ਵੀ ਪੂਜੇ

ਮੈਂ ਸੇਕ 'ਚ ਸੜਦਾ ਹਾਂ

ਤੂੰ ਓਹਨੂੰ ਫੁੱਲ ਚੜ੍ਹਾਵੇ

ਮੈਂ ਕੰਡਿਆਂ 'ਤੇ ਖੜਦਾ ਹਾਂ

ਤੈਨੂੰ ਓਹ ਆਪ ਮਿਲਣ ਆਵੇ

ਮੈਂ ਰਾਹਾਂ 'ਚ ਅੜਦਾ ਹਾਂ

ਤੂੰ ਸ਼ਿਵ ਨੂੰ ਮੰਨੇ

ਤੇ ਮੈਂ ਪੜ੍ਹਦਾ ਹਾਂ।



ਜਸਕਰਨ ਸਿੰਘ

ਬੀ. ਐਸ. ਸੀ. ਫਜ਼ਿਕਸ

ਤੀਜਾ ਸਾਲ.

# ਕਲੇਸ਼ ਦੇ ਬਾਅਦ

ਇੰਨੇ ਕਲੇਸ਼ ਦੇ ਬਾਅਦ ਮੇਰਾ ਜਨਮ ਹੋਇਆ
ਫਿਰ ਮਸਾਂ ਈ ਉਸਨੂੰ ਕਬੂਲਿਆ ਹੈ
ਕਿੰਨੇ ਸੋਹਣਿਆਂ ਨੇ ਮੂੰਹ ਭੈੜੇ ਕੀਤੇ ਨੇ
ਕਈਆਂ ਨੇ ਚੁੱਪ ਧਾਰ ਲਈ
ਕਈਆਂ ਦੇ ਬੁੱਲ ਸੀਂਤੇ ਨੇ

ਇੰਨੇ ਕਲੇਸ਼ ਦੇ ਬਾਅਦ ਮੇਰਾ ਜਨਮ ਹੋਇਆ
ਫਿਰ ਮਸਾਂ ਈ ਉਸਨੂੰ ਕਬੂਲਿਆ ਹੈ
ਮੇਰਾ ਬਚਪਨ ਲੰਘਿਆ ਸਹਿਮ ਸਹਿਮ
ਮੇਰੇ ਪਰਛਾਵੇਂ ਦਾ ਕਰਦੇ ਰਹੇ ਵਹਿਮ
ਬੋਲ ਸੂਲਾਂ ਤਿੱਖੇ ਸੁਣਦੀ ਰਹੀ
ਮੈਂ ਨਿੱਤ ਫਰਕ ਨਾਲ ਜਿਊਂਦੀ ਰਹੀ

ਇੰਨੇ ਕਲੇਸ਼ ਦੇ ਬਾਅਦ ਮੇਰਾ ਜਨਮ ਹੋਇਆ
ਫਿਰ ਮਸਾਂ ਈ ਉਸਨੂੰ ਕਬੂਲਿਆ ਹੈ
ਜ਼ਿੰਦਗੀ ਵਿਚ ਬਹੁਤ ਬਵਾਲ ਉੱਠੇ
ਮੇਰੀ ਸਿੱਖਿਆ 'ਤੇ ਕਈ ਸਵਾਲ ਉੱਠੇ

ਲਗਦਾ ਇਓਂ ਜਿਵੇਂ ਮੇਰੇ ਕਰਮ ਸੁੱਤੇ

ਪਰ ਜਦ ਵੀਰੇ ਨੂੰ ਵੇਖਦੀ

ਤਾਂ ਸੀਨਾ ਮੇਰਾ ਠਰ ਜਾਂਦਾ

ਜੋ ਮੈਂ ਸਹਿਣ ਕਰਿਆ ਹੈ

ਕੋਈ ਹੋਰ ਹੁੰਦਾ ਤਾਂ ਮਰ ਜਾਂਦਾ

ਇੰਨੇ ਕਲੇਸ਼ ਦੇ ਬਾਅਦ ਮੇਰਾ ਜਨਮ ਹੋਇਆ

ਫਿਰ ਮਸਾਂ ਈ ਉਸਨੂੰ ਕਬੂਲਿਆ ਹੈ

ਆਈ ਜਵਾਨੀ ਤਾਂ ਮੇਰੀ ਸੀਰਤ ਤੇ ਇਲਜ਼ਾਮ ਲੱਗੇ

ਬੇ ਬੁਨਿਆਦ ਮੇਰੇ ਬਿਆਨ ਸਮਝੇ

ਪੰਡੋਰੀ ਸਮਝੀ ਨਹੀਂ ਮੇਰੇ ਅੰਦਰ ਮਰੀ ਔਰਤ

ਝੂਠੇ ਲਾਏ ਕਈਆਂ ਦੇ ਇਲਜ਼ਾਮ ਸਮਝੇ।

**ਜਸਪ੍ਰੀਤ ਸਿੰਘ ਜਸ ਪੰਡੋਰੀ**
**ਬੀ. ਏ. ਤੀਜਾ ਸਾਲ**



# ਉਸਦੇ ਅੱਗੇ

ਤੇਰਾ ਚਿਹਰਾ ਅੱਜ ਵੀ ਮੇਰੀਆਂ ਅੱਖਾਂ ਸਾਹਮਣੇ ਆਉਂਦਾ ਏ

ਭਾਵੇਂ ਧੁੰਦਲਾ ਧੁੰਦਲਾ ਹੀ ਸਹੀ

ਭਾਵੇਂ ਧੁੰਦਲਾ ਧੁੰਦਲਾ ਹੀ ਸਹੀ

ਤੇਰੀ ਮੁਸਕੁਰਾਹਟ ਦਾ ਕਾਰਨ ਮੈਂ ਬਣ ਜਾਵਾਂ

ਅੱਜ ਤੂੰ ਮੇਰੇ ਤੋਂ ਭਾਵੇਂ ਦੂਰ ਹੈ

ਮੇਰੇ ਸਾਹਮਣੇ ਤੂੰ ਖਲੋਤੀ ਹੋਵੇ ਇੰਝ ਜਾਪਦਾ ਏ

ਤੇਰੇ ਨਾਲ ਮੈਂ ਆਖਰੀ ਵਾਰ ਕੱਲ੍ਹ ਹੀ

ਮਿਲਿਆ ਹੋਵਾਂ ਇੰਝ ਲੱਗਦਾ ਏ

ਤੈਨੂੰ ਮੈਂ ਸੱਚਾ ਦੋਸਤ ਸਮਝਦਾ ਸੀ ਆਪਣਾ

ਸੋਚਿਆ ਸੀ ਮੈਂ ਕਿ ਤੂੰ ਮੈਨੂੰ ਕਦੇ ਛੱਡ ਕੇ ਨਹੀਂ ਜਾਏਂਗੀ

ਪਰ ਉਸਦੇ ਅੱਗੇ ਕਿਹਦੀ ਚੱਲਦੀ ਏ

ਪਰ ਉਸਦੇ ਅੱਗੇ ਕਿਹਦੀ ਚੱਲਦੀ ਏ

ਗੁਰਨੂਰ ਸਿੰਘ ਗੋਰਾਇਆ

ਬੀ. ਵੌਕ. ਫੂਡ ਪਰੋਸੈਸ

ਪਹਿਲਾ ਸਾਲ



# ਅੱਖ ਸਮੰਦਰ ਵਿਚ ਫਰਕ

ਬੱਦਲ ਤਰਫ਼ੇ ਚਾਰੇ ਊ
ਉਸ ਨੇ ਵਾਲ ਖਲਾਰੇ ਊ

ਹੀਰਾਂ ਰਾਂਝੇ ਲੋਕਾਂ ਨਈਂ
ਇਸ਼ਕੇ ਸੂਲੀ ਚਾੜ੍ਹੇ ਊ

ਉਸ ਨੇ ਮੇਰਾ ਨਾਮ ਲਿਆ
ਅੰਬਰ ਪੈਰੀਂ ਸਾਰੇ ਊ

ਅੱਖ ਸਮੰਦਰ ਵਿਚ ਫਰਕ ਕੀ
ਪਾਣੀ ਦੋ ਦੇ ਖਾਰੇ ਊ

ਦਿਲ ਦਾ ਭੇਤ ਲਕਾਇਉ ਲੋਕੀਂ
ਡਾਢੇ ਬੇਅੰਤ ਬਾਰੇ ਊ



ਗੁਰਜਿੰਦਰ ਸ਼ਾਹ
ਐੱਮ. ਏ. ਪੰਜਾਬੀ

# ਪ੍ਰੀਤ ਦਾ ਵਣਜਾਰਾ

ਇਕ ਲੱਜ਼ਤ ਹੈ ਤੂੰ ਕਿਸੇ ਦਾ ਸਹਾਰਾ ਬਣ।
ਥੰਮ ਲੈ ਵੇਗ ਪਾਣੀਆਂ ਦੇ ਕਿਨਾਰਾ ਬਣ।

ਖ਼ੁਦ ਨੂੰ ਜਲਾ ਕੇ ਤਮੰਨਾ ਪੂਰੀ ਕਰ ਦੇਵੇਂ,
ਤੂੰ ਅੰਬਰ ਤੋਂ ਟੁੱਟਦਾ ਹੋਇਆ ਤਾਰਾ ਬਣ।

ਤੇ ਲੱਭ ਜੀਣ ਦੇ ਹੀਲੇ ਮਰਨ ਤੋਂ ਪਹਿਲੇ,
ਮਰਜ਼ ਨਾ ਬਣ ਕਿਸੇ ਲਈ ਚਾਰਾ ਬਣ।

ਇਹ ਖੇਡ ਅਧ ਮੋਇਆ ਕਰ ਦੇਂਦੀ ਏ,
ਜਿਸਦਾ ਵੀ ਤੂੰ ਬਣਨੇ ਹੈ ਵੇ ਸਾਰਾ ਬਣ।

ਐਂਵੇ ਨਾ ਫਿਰੀ ਚੰਨ ਦੇ ਦਾਗ਼ ਲੱਭਦਾ,
ਉੱਚਾ ਹੋ ਚਮਕ ਜਗਦਾ ਸਿਤਾਰਾ ਬਣ।

ਏਸ ਨਫ਼ਰਤ ਦੇ ਸ਼ਹਿਰ 'ਚ ਪੁੰਨ ਏ ਵੀ,
ਤੂੰ ਬਣਨੈ ਤਾਂ ਪ੍ਰੀਤ ਦਾ ਵਣਜਾਰਾ ਬਣ।



**ਸਾਹਿਬਜੀਤ ਸਿੰਘ**
**ਬੀ. ਏ. ਤੀਜਾ ਸਾਲ**

# ਦਿਲ ਦਾ ਬੋਝਾ

ਭਾਵੇਂ ਦਿਲ ਦਾ ਬੋਝਾ ਖਾਲੀ ਏ
ਮੈਂ ਉਸਦੀ ਮੁਹੱਬਤ ਸੰਭਾਲੀ ਏ।

ਉਸ ਬੇਗਾਨਾ ਕਹਿ ਦੁਰਕਾਰਿਆ
ਮੈਂ ਧੀਆਂ ਵਾਂਗਰ ਪਾਲੀ ਏ।

ਉਸਦੇ ਮੱਥੇ 'ਤੇ ਪੈਂਦੀ ਤਿਉੜੀ ਵੀ
ਮੈਂ ਸਬਰਾਂ ਦੇ ਵਿਚ ਢਾਲੀ ਏ।

ਉਸਦੀ ਅੱਖ ਵਿਚਲੀ ਰੜਕ ਜੋ
ਆਪਣੇ ਬਿਰਹਾ ਦੇ ਵਿਚ ਬਾਲੀ ਏ।

ਮੇਰੇ ਉਬਾਲ਼ੇ ਖਾਂਦੇ ਖਿਆਲ਼ਾਂ ਦੀ
ਉਸ ਬਲ਼ਦੀ ਭੱਠੀ ਠਾਲੀ ਏ।

ਨਿੱਤ ਖ਼ੁਦਾ ਦੇ ਘਰ ਕਬੂਲ ਹੁੰਦੀ
ਉਸ ਹਰ ਅਰਦਾਸ ਮੇਰੀ ਟਾਲੀ ਏ।

ਮੈਂ ਚੁੱਪ ਦੀ ਮਲ਼ਹਮ ਮਲਦਾ ਹਾਂ

ਉਸ ਪਿਆਰੇ ਜੋ ਜਿੰਦ ਗਾਲੀ ਏ।

ਮੇਰੇ ਜ਼ਖਮਾਂ ‘ਤੇ ਲੂਣ ਭੁਕਦੇ ਨੇ

ਆਹ ਜਿੰਨੇ ਉਸਦੇ ਸਵਾਲੀ ਏ।

ਉਸ ਮਹਿਬੂਬ ਨੂੰ ਦੱਸੋ ਕੀ ਆਖਾਂ

ਜਿਸ ਲਈ ਮੈਂ ਕੁਦਰਤ ਭਾਲੀ ਏ।

ਭਾਵੇਂ ਉਜਾੜ ਦੇਵੇ ਭਾਵੇਂ ਹਰਿਆ ਕਰੇ

ਮੇਰੇ ਮੁਹੱਬਤੀ ਬਾਗ ਦਾ ਓ ਮਾਲੀ ਏ।

**ਪ੍ਰੀਤ ਸਿੰਘ ਭੈਣੀ**

**ਐੱਮ. ਏ. ਪੰਜਾਬੀ.**

**ਦੂਜਾ ਸਾਲ**



# ਪਿਆਰ ਦਾ ਤਰਾਜ਼ੂ

ਪਿਆਰ ਦੇ ਤਰਾਜ਼ੂ ਵਿਚ ਤੋਲ ਮੇਰੇ ਸੱਜਣਾ
ਤੇਰੀ ਯਾਦ ਦਾ ਬਿਰਹਾ ਹੀ ਭਾਰਾ ਹੋਏਗਾ

ਵੱਟਿਆਂ ਦੀ ਜਗ੍ਹਾ ਰੱਖ ਦਿਲ ਮੇਰਾ ਚੀਰ ਕੇ
ਤੇਰੇ ਧੜੇ ਵਿਚ ਮੇਰਾ ਖ਼ੂਨ ਗਾੜਾ ਹੋਏਗਾ

ਨੈਣਾਂ ਮੇਰਿਆਂ ਦਾ ਕਰੀਂ ਪੱਲੜਾ ਤਰਾਜ਼ੂ ਦਾ
ਸਭ ਕੁਝ ਪਿੱਛੇ ਤੂੰ ਹੀ ਪਿਆਰਾ ਹੋਏਗਾ

ਅਫ਼ਸੋਸ ਨਾ ਕਰੀਂ ਕਿ ਤੇਰਾ ਤਰਾਜ਼ੂ ਵੀ ਮੇਰੇ ਲੀ
ਪਿਆਰ ਦਾ ਸੁਨੇਹਾ ਦਿੰਦਾ ਸਾਰਾ ਹੋਏਗਾ

ਬਰਾਬਰ ਨੀ ਹੋਣਾ ਤੇਰਾ ਮੇਰਾ ਵਿਸ਼ਵਾਸ ਵਿਚ
ਇਸ ਵਿਚ ਭਾਰਾ ਤੇਰਾ ਲਾਰਾ ਹੋਏਗਾ



ਸਹਿਬਾਜਦੀਪ ਸਿੰਘ ਗੁਲਸ਼ਨ
ਐੱਮ. ਏ. ਪੰਜਾਬੀ ਦੂਜਾ ਸਾਲ

# ਤੇਰੇ ਅੱਗੇ

ਕੀ ਹੋ ਸਕਦੈ ਤੇਰੇ ਅੱਗੇ,
ਕੁਝ ਵੀ ਨਈਂ ਤੇਰੇ ਅੱਗੇ।

ਲੋਕਾਂ ਨੂੰ ਮੈਂ ਚੁੱਪ ਕਰਾਵਾਂ,
ਚੁੱਪ ਬਹਿੰਨਾ ਵਾਂ ਤੇਰੇ ਅੱਗੇ।

ਦਿਲ ਵਾਰਨ ਦੀ ਗੱਲ ਕਰਦੈ,
ਮੈਂ ਆਪਾ ਵਾਰਾਂ ਤੇਰੇ ਅੱਗੇ।

ਰੱਬ ਨੂੰ ਕਹਿੰਦੇ ਸਭ ਤੋਂ ਸੋਹਣਾ,
ਕੀ ਹਸਤੀ ਰੱਬ ਦੀ ਤੇਰੇ ਅੱਗੇ।

ਤੇਰਾ ਤੇਰਾ ਕਰਦਾ ਤੇਰਾ ਹੋਜਾਂ,
ਮੈਂ ਮਰਜੇ ਮੇਰੀ ਤੇਰੇ ਅੱਗੇ।

ਤੂੰ ਮਿਲੇ ਕੀ ਜਾਣਾ ਦੁਨੀਆਂ,
ਦੁਨੀਆਂ ਕੀ ਐ ਤੇਰੇ ਅੱਗੇ।

ਤੇਰੇ ਲਹਿਜੇ ਤੋਂ ਸਦਕੇ ਜਾਨਾਂ,
ਕੀ ਸੋਲ੍ਹਾਂ ਸ਼ਿੰਗਾਰ ਤੇਰੇ ਅੱਗੇ।



ਸਤਨਾਮ ਸਿੰਘ ਵੇਰਕਾ
ਬੀ. ਏ. ਤੀਜਾ ਸਾਲ

# ਮੂੰਹ ਤੇ ਲਾਲੀ ਚੜ੍ਹਦੀ ਏ

ਕਿੱਲਣ ਦੀ ਕੋਈ ਗੱਲ ਕਹੀਂ,
ਤੂੰ ਪਾਰਾ ਤੇ ਕਿਉਂ ਚੜਦੀ ਏਂ
ਹੁਸਨ ਤੇਰੇ ਤੇ ਹਰਫ਼ ਜੇ ਕਹਿਤੇ,
ਕਿਉਂ ਤਿਊੜੀ ਮੱਥੇ ਚੜ੍ਹਦੀ ਏ
ਜਦ ਬੈਠਾ ਯਾਰ ਨੀ ਯਾਰਾਂ 'ਚ,
ਕਿਉਂ ਅੱਖ ਇਹ ਦੂਰੋਂ ਲੜਦੀ ਏ
ਜੇ ਕਹਿਣਾ ਨਈਂ ਕੁੜੇ ਯਾਰ ਅਸਾਨੂੰ,
ਕਿਉਂ ਮੂੰਹ ਤੇ ਲਾਲੀ ਚੜ੍ਹਦੀ ਏ
ਦੱਸ ਮੂੰਹ ਤੇ ਲਾਲੀ ਚੜ੍ਹਦੀ ਏ

ਤੇਰੇ ਨੈਣ ਦਾ ਤਾਰਾ ਨੀਵਾਂ ਤੱਕਦਾ,
ਜਦ ਕੋਲ ਕੁੜੇ ਤੂੰ ਖੜਦੀ ਏਂ
ਸਾਹ ਵੀ ਤੇਰਾ ਠੰਡਾ ਚੱਲਦਾ,
ਜਦ ਤੂੰ ਕੰਨ ਤੋਂ ਕੇਸੁੰ ਚੱਕਦੀ ਏਂ
ਮਨ ਮੇਰਾ ਨੀ ਪਟਿਆ ਜਾਂਦਾ,
ਜਦ ਕਰ ਨੂੰ ਕੰਬਣੀ ਛਿੜਦੀ ਏ
ਜੇ ਕਹਿਣਾ ਨਈ ਕੁੜੇ ਯਾਰ ਅਸਾਨੂੰ,

ਕਿਉਂ ਮੂੰਹ ਤੇ ਲਾਲੀ ਚੜ੍ਹਦੀ ਏ

ਦੱਸ ਮੂੰਹ ਤੇ ਲਾਲੀ ਚੜ੍ਹਦੀ ਏ

ਸੱਚੇ ਪਿਆਰ ਨੂੰ ਪਾਵਣ ਦੀ,

ਨਾ ਗੱਲ ਤੇਰੇ 'ਚ ਦਿਸਦੀ ਏ

ਸ਼ਾਇਰ ਪਿਆਰ ਨਈਂ ਰੌਲਾ ਮੰਗਦਾ,

ਬੱਸ ਮੰਗਦਾ ਥੋੜੀ ਹਲੀਮੀ ਏ

ਚਿੱਤ ਕਰਦਾ ਇਜ਼ਹਾਰ ਮੈਂ ਕਰਦਾ,

ਕੁੜੀ ਕਹਿਣ ਨੂੰ ਥੋੜੀ ਡਰਦੀ ਏ

ਕਿਧਰੇ ਹੋਵੇ ਇਸ਼ਕ ਨਾ ਇਕ ਤਰਫ਼ਾ,

ਕੁੜੀ ਸੱਜਣ ਜਾਣ ਤੋਂ ਡਰਦੀ ਏ

ਕਹਿਣਾ ਚਾਵਾਂ ਯਾਰ ਤੁਸਾਨੂੰ,

ਕਿਉਂ ਮੂੰਹ ਤੇ ਲਾਲੀ ਚੜ੍ਹਦੀ ਏ

ਹਾਂ! ਮੂੰਹ ਤੇ ਲਾਲੀ ਚੜ੍ਹਦੀ ਏ

**ਲਵਜੀਤ ਸ਼ਰਮਾ**

**ਬੀ. ਵੌਕ. ਦੂਜਾ ਸਾਲ.**



# ਲਾਹੌਰ

ਹੱਥਾਂ 'ਚ ਹੱਥ ਹੋਣ

ਨਵਾਂ ਹੀ ਦੌਰ ਹੋਵੇ,

ਅੱਖਾਂ 'ਚ ਅੱਖਾਂ ਹੋਵਣ

ਬਾਰਿਸ਼ ਦਾ ਸ਼ੋਰ ਹੋਵੇ ।

ਜੂਠੀ ਚਾਹ ਸਾਂਝੀ ਕਰੀਏ

ਦਿਲਾਂ ਵਿਚ ਕੁਝ ਹੋਰ ਹੋਵੇ

ਬਹਿ ਕੇ ਜਿੱਥੇ ਮੁਹੱਬਤ ਕਰੀਏ

ਸ਼ਹਿਰ ਓਹ ਲਾਹੌਰ ਹੋਵੇ।

ਜਸਕਰਨ ਸਿੰਘ

ਬੀ. ਐਸ. ਸੀ. ਫਜ਼ਿਕਸ

ਤੀਜਾ ਸਾਲ.



# ਤੇਰੇ ਭਾਣੇ ਵਿਚ

ਰੱਬਾ ਤੇਰੇ ਭਾਣੇ ਵਿਚ ਆਂ

ਚੰਗੇ ਮਾੜੇ ਟਿਕਾਣੇ ਵਿਚ ਆਂ

ਕੱਲਮ-ਕੱਲਾ ਤੁਰਦਾ ਨਹੀਂ ਆਂ

ਤੇਰੇ ਬਣਾਏ ਢਾਣੇ ਵਿਚ ਹਾਂ

ਚੰਗਾ ਲੱਭਦਾ ਲੱਭ ਨਹੀਂ ਹੁੰਦਾ

ਕਿਹੋ ਜਿਹੇ ਮੈਂ ਤਾਣੇ ਵਿਚ ਆਂ

ਸਾਧ ਸਮਝ ਵਿਸ਼ਵਾਸ਼ ਹਾਂ ਕਰਦਾ


ੳ ਵੀ ਤੇਰੇ ਬਾਣੇ ਵਿਚ ਆ

ਠੱਗੀ ਮਾਰ ਕੇ ਜਿੱਥੇ ਬੈਠਾ

ਸਾਧ ਵੀ ੳਸੇ ਠਾਣੇ ਵਿਚ ਆ

ਚੇਲੇ ਸਾਧ ਇਕੱਠੇ ਹੋਏ

ਭੁਗਤਦੇ ਪਏ ਜੋ ਪਾਣੇ ਵਿਚ ਆ



ਉਂਕਾਰ ਸਿੰਘ

ਐੱਮ. ਏ. ਪੰਜਾਬੀ

# ਬਾਪੂ ਦੀ ਇੱਜ਼ਤ

ਕਹਿੰਦੀ, ਪਿਆਰ ਤਾਂ ਤੈਨੂੰ ਕਰਦੀ ਆ,

ਪਰ ਆਪਣੇ ਬਾਪੂ ਤੋਂ ਜ਼ਿਆਦਾ ਨਹੀਂ।

ਤਾਹਿਓਂ ਤਾਂ ਤੇਰੇ ਨਾਲ ਮਰਨ-ਜਿਉਣ ਦਾ,

ਮੈਂ ਕੀਤਾ ਵਾਅਦਾ ਨਹੀਂ ।

ਤੇਰੇ ਤੋਂ ਪਹਿਲਾਂ ਮੈਨੂੰ ਆਪਣਾ ਪਰਿਵਾਰ ਜ਼ਰੂਰੀ ਆ ਬਸ!

ਤੇਰੇ ਕਰਕੇ ਹੀ ਨੀ ਕਹਿੰਦੀ ਮੈਂ, ਹਰ ਵਾਰ ਜ਼ਰੂਰੀ ਆ।

ਇਜ਼ਤ ਕੀ ਹੁੰਦੀ ਆ ਤੂੰ ਸਮਝਦਾ ਹੋਵੇਗਾ,

ਐਵੇਂ ਤੇਰੇ ਨਾਲ ਭੱਜ ਕੇ ਪਰਿਵਾਰ ਨੂੰ ਲਾ ਲੱਜ ਨੀ ਸਕਦੀ ਮੈਂ।

ਬਾਪੂ ਦੀ ਇਜ਼ਤ ਪਹਿਲਾਂ ਆ,

ਤੇਰੇ ਨਾਲ ਭੱਜ ਨੀ ਸਕਦੀ ਮੈਂ।

ਕਹਿੰਦੀ, ਮੈਂ ਪਹਿਲਾਂ ਹੀ ਕਿਹਾ ਸੀ

ਕਿ ਆ ਭੱਜਣ-ਭੁੱਜਣ ਵਾਲੇ ਕੰਮ ਮੈਥੋਂ ਨਹੀਂ ਹੋਣੇ

ਤੇਰੇ ਤੋਂ ਬਾਅਦ ਬਾਪੂ ਜਿੱਥੇ ਵਿਆਉਗਾ

ਮੈਂ ਉਹਦੇ ਨਾਲ ਤਾਂ ਖੁਸ਼ ਰਹਿਣਾ,

ਪਰ ਤੈਨੂੰ ਪੈ ਜਾਣੇ ਆ ਰੋਣੇ।

ਯਾਰ ਬੇਬੇ-ਬਾਪੂ ਤੋਂ ਪਹਿਲਾਂ ਕੁਝ ਨਹੀਂ ਹੁੰਦਾ,

ਸਭ ਦੀਨ-ਦੁਨੀਆਂ ਉਹਨਾਂ ਨਾਲ ਈ ਆ।

ਤੇਰੇ ਕਰਕੇ ਮੈਂ ਘਰਦਿਆਂ ਮੂਹਰੇ ਉੱਚੀ ਆਵਾਜ਼ 'ਚ ਬੋਲਾਂ,

ਐਵੇਂ ਏਦਾਂ ਕਰਕੇ ਉਨ੍ਹਾਂ ਮੂਹਰੇ ਗੱਜ ਨੀ ਸਕਦੀ ਮੈਂ।

ਬਾਪੂ ਦੀ ਇਜ਼ਤ ਪਹਿਲਾਂ ਆ ਯਾਰ,

ਤੇਰੇ ਨਾਲ ਭੱਜ ਨੀ ਸਕਦੀ ਹੈ ਮੈਂ।

ਕਹਿੰਦੀ, ਤੂੰ ਵੀ ਕਿਸੇ ਧੀ ਦਾ ਬਾਪੂ ਤਾਂ ਬਣੇਗਾ ਈ,

ਜੇ ਤੇਰੀ ਧੀ ਤੇਰੇ ਨਾਲ ਏਦਾਂ ਕਰੇ ਤਾਂ ਤੈਨੂੰ ਕਿੱਦਾ ਲੱਗੂਗਾ।

ਜੇ ਤੇਰੇ ਨਾਮ ਨਾਲ ਬਦਨਾਮੀ ਜੁੜ ਗਈ,

ਤੇ ਕੀ ਤੇਰਾ ਦੁਨੀਆਂ ਮੂਹਰੇ ਉਹ ਨਾਮ ਫੱਬੂਗਾ।

ਕੀ ਹੋਇਆ ਜੇ ਤੂੰ ਮੈਨੂੰ ਜਿੱਤ ਨਹੀਂ ਸਕਿਆ ਤੇ,

ਸੋਚ-ਸੋਚ ਕੇ ਏ ਗੱਲਾਂ ਐਵੇਂ ਨਾ ਹਰਿਆ ਕਰ।

ਮੇਰੀਆਂ ਗੱਲਾਂ ਨੂੰ ਤੂੰ ਸਮਝ ਹੀ ਗਿਆ ਹੋਵੇਗਾ,

ਤੇ ਹੁਣ ਅਮਲ ਵੀ ਕਰਿਆ ਕਰ।

ਮੇਰੇ ਪਰਿਵਾਰ ਨਾਲ,

ਮੇਰੇ ਬਾਪੂ ਨਾਲ ਮੇਰਾ ਬਾਹਲਾ ਪਿਆਰ ਆ,

ਯਾਰ ਤੇਰੇ ਕਰਕੇ ਮੇਰੇ ਬਾਪੂ ਦੀ ਇੱਜ਼ਤ ਰੁਲਜੂ,

ਇਸ ਕਰਕੇ ਨੀ ਭੱਜ ਸਕਦੀ ਮੈਂ।

ਹੱਥ ਜੋੜਦੀ ਆ ਮੈਂ ਤੇਰੇ ਅੱਗੇ ਮੈਨੂੰ ਛੱਡਦੇ ਹੁਣ,

ਬਾਪੂ ਦੀ ਇਜ਼ਤ ਪਹਿਲਾਂ ਆ,

ਤੇਰੇ ਨਾਲ ਭੱਜ ਨੀ ਸਕਦੀ ਮੈਂ।

ਕਹਿੰਦੀ ਤੂੰ ਇਹੀ ਸੋਚਦਾ ਏ ਨਾ ਕਿ

ਤੈਥੋਂ ਜ਼ਮੀਨ ਵੀ ਹੈਨੀ ਤੇ ਜਾਤ ਵੀ ਅਲੱਗ ਆ

ਪਰ! ਜਸ਼ਨ ਸਿਆਂ ਅੱਜ-ਕੱਲ੍ਹ ਦੁਨੀਆਂ ਦੇ

ਇਸ ਦੌਰ ਵਿੱਚ ਪੈਸੇ ਦੀ ਅੱਗ ਆ

ਜੇ ਵਧੀਆ ਕਮਾਏਗਾ, ਜ਼ਮੀਨ ਖਰੀਦ ਲਵੇਗਾ

ਤਾਂ ਸ਼ਾਇਦ ਮੇਰਾ ਬਾਪੂ ਮੰਨ ਈ ਜਾਏ,

ਜੇ ਜ਼ਮੀਨ ਨਾ ਲੈ ਸਕਿਆ ਤੇ

ਮੈਂ ਤਾਂ ਤੇਰੇ ਬਿਨ ਰਹਿ ਲਉਗੀ।

ਪਰ ਆਪਣੇ ਬਾਪੂ ਦੀ ਖੁਸ਼ੀ ਨੂੰ

ਦੇਖ-ਦੇਖ ਕੇ ਰੱਜ ਨੀ ਸਕਦੀ ਮੈਂ।

ਬਾਪੂ ਦੀ ਇਜ਼ਤ ਪਹਿਲਾਂ ਆ,

ਤੇਰੇ ਨਾਲ ਭੱਜ ਨੀ ਸਕਦੀ ਮੈਂ।

**ਜਸ਼ਨਪ੍ਰੀਤ ਸਿੰਘ**

**ਬੀ. ਏ. ਦੂਜਾ ਸਾਲ**



# ਰਾਤਾਂ ਦੀ ਕਹਾਣੀ

ਰਾਤ ਬੜੀ ਪਿਆਰੀ,

ਇਸ ਵਕਤ ਦੇ ਸੰਜੋਏ ਗ਼ਮ ਬੜੇ ਪਿਆਰੇ।

ਦਿਨ ਦੇ ਗ਼ਮ ਸਾਂਝੇ ਕਰਨ ਨੂੰ ਹਮਸਾਏ ਬਹੁਤ ਨੇ,

ਕੀ ਹੁਣ ਤੇ ਮਾਲੂਮ ਨਹੀਂ

ਮੇਰਾ ਸ਼ਰੀਕ-ਏ-ਗ਼ਮ ਨਾ ਜਾਣੇ ਕਿੰਨੇ ਨੇ,

ਮਗਰ ਮੇਰੇ ਅਪਣੇ,

ਹੱਕ ਦੀ ਰਾਤ ਦੇ ਗ਼ਮ ਦੇ ਲਾਇਕ ਨਾ ਕੋਈ,

ਪਹਿਲੇ ਸ਼ਾਇਦ

ਮੈਂ ਤਾਂ ਬਣ ਜਾਵਾਂ ਅਪਣੇ ਆਪ ਦਾ ਕੋਈ।

ਰਾਤ ਦੀ ਅੱਖ ਸਵੇਰੇ ਨਾ ਜਾਣੇ ਕਿੱਥੇ ਗਈ ,

ਮਾਲੂਮ ਨਹੀਂ ਕਿਹੜੀ ਜ਼ਿੰਮੇਵਾਰੀ ਵਿਚ ਖੋ ਗਈ,

ਹਜ਼ੂਮ ਵਿਚ ਚੱਲਦੇ ਨਾ ਜਾਣੇ

ਕਿਉਂ ਰਾਤਾਂ ਨੂੰ ਇਕੱਲਾ ਲੋਟਦਾ ਹਾਂ,

ਹੁਣ ਤਾਂ ਸ਼ੀਸ਼ਾ ਵਿਚ ਵੀ

ਸਵਾਲ ਉੱਤਰ ਆਏ ਥੋੜੇ ਕੁ ਕੋਈ ,

ਜਿਨ੍ਹਾਂ 'ਤੇ, ਦਿਲਾਸਾ ਦੇਣ,

ਕੱਪੜਾ ਹੀ ਫੇਰਦਾ ਹਾਂ ।

ਤੋਂ ਆਣ ਦਾ ਜੇ ਸੋਚੇ, ਰਾਤੋ ਨੂੰ,

ਜੋ ਮੇਰੀ, ਤੇ ਇਰਾਦਾ ਬਦਲ ਲਈ,

ਗਿਰਫ਼ਤਾਰ ਹੋਇਆ ਮੈਂ ਤੈਨੂੰ ਨਾ ਲਏ ਡੋਬਾ ,

ਕਿਸੀ ਰੋਸ਼ਨ ਰਾਤਾਂ ਦੀ ਫਿਜ਼ਾਵਾਂ ਵਿਚ ਮੋਹ ਮੋੜ ਲਈ,

ਭਾਵੇਂ ਘਾਤ ਰੱਖੀ, ਬਸ ਜ਼ਿਕਰ ਨਾ ਕਰੀਂ।

ਮੇਰੀ ਰਾਤ ਸ਼ਾਇਦ ਥੋੜੀ ਘੱਟ ਕਾਲੀ ਹੋ ਜਾਏ,

ਇਹ ਦੁਨੀਆਂ ਸਵੇਰ ਤੇ ਕਰ ਹੀ ਜਾਵੇਗੀ।

**ਤਰਨ ਕੌਰ**

**ਬੀ. ਪੀ. ਟੀ.**

**ਪਹਿਲਾ ਸਾਲ**



# ਬ੍ਰਹਮ





ਜਸਪ੍ਰੀਤ ਸਿੰਘ

ਐਮ. ਏ. ਸਾਲ ਫਾਈਨ ਆਰਟ

ਦੂਜਾ ਸਾਲ

# ਵਿਕਦਾ ਰਹਿਣਾ ਵਾ

ਆਪਣੇ ਆਪ ਤੇ ਖਿਝਦਾ ਰਹਿਣਾ ਵਾ

ਪਰ ਤੇਰੇ ਪਿਆਰ 'ਚ ਭਿੱਜਦਾ ਰਹਿਣਾ ਵਾ

ਸੁਝਦਾ ਨਹੀਂ ਹੁਣ ਕੀ ਕਰਾਂ ਮੈਂ

ਤੈਨੂੰ ਮਿਲਣ ਲਈ ਤਰੀਕਾਂ ਮਿਥਦਾ ਰਹਿਣਾ ਵਾ

ਕਿਤੇ ਤੈਨੂੰ ਪਿਆਰ ਮੇਰਾ ਦਿਸ ਜੇ

ਤਾਹੀਂ ਤੇਰੇ ਪੈਰਾਂ 'ਚ ਲਿਟਦਾ ਰਹਿਣਾ ਵਾ

ਤੂੰ ਪੜ੍ਹ ਲਵੇਂ ਲਿਖੇ ਅੱਖਰਾਂ 'ਚੋਂ

ਤੇਰੇ ਲਈ ਹੀ ਲਿਖਦਾ ਰਹਿਣਾ ਵਾ

ਨਹੀਂ ਪਤਾ ਮੈਨੂੰ ਮੁਹੱਬਤ ਆਉਂਦੀ ਆ ਕਿ ਨਹੀਂ

ਹਾਂ ਸ਼ਾਇਦ ਤੇਰੇ ਲਈ ਕਰਨੀ ਸਿਖਦਾ ਰਹਿਣਾ ਵਾ

ਜੇ ਤੂੰ ਨਾ ਮਿਲਿਆ ਤਾਂ ਮੈਂ ਰੁਖਸਤ ਹੋ ਜਾਣਾ ਏ

ਫਿਰ ਨਾ ਕਹੀ ਅਜੇ ਤੈਨੂੰ ਦਿਸਦਾ ਰਹਿਣਾ ਵਾ

ਜੇ ਖ਼ਰੀਦ ਸਕਦੀ ਏ ਤਾਂ ਖ਼ਰੀਦ ਲਵੀਂ

ਤੇਰੇ ਲਈ ਪਾਈ ਪਾਈ ਲਈ ਵਿਕਦਾ ਰਹਿਣਾ ਵਾ

ਮੁਕਦੀ ਗੱਲ ਏ ਤੇਰੇ ਬਿਨਾਂ ਨਹੀਂ ਗੁਜਾਰਾ

ਤਾਹੀਂ ਤੇਰੇ ਕਦਮਾਂ 'ਚ ਵਿਛਦਾ ਰਹਿਣਾ ਵਾ

ਪਿਆਰ ਤਾਂ ਸਾਰਾ ਤੇਰੇ ਨਾਮ ਕਰ ਛੱਡਿਆ ਈ

ਤਾਹੀਂ ਆਪਣੇ ਆਪ 'ਤੇ ਖਿੜਦਾ ਰਹਿਣਾ ਵਾ

**ਸ਼ੇਰਾ ਸਿੰਘ**

**ਐੱਮ. ਏ. ਮਿਊਜ਼ਕ**

**ਦੂਜਾ ਸਾਲ**



# ਧੀਆਂ

ਧੀਆਂ ਜੰਮਣ 'ਤੇ ਦਿਲ ਕਿਓਂ ਕੰਬਦੇ ਨੇ

ਦੱਸੋ ਲੋਕੋ ਮੈਨੂੰ, ਰੱਬ ਤੋਂ ਪੁੱਤ ਹੀ ਕਿਓਂ ਮੰਗਦੇ ਨੇ,

ਧੀਆਂ ਹੀ ਨੇ ਜੋ ਜਾਇਦਾਦ ਦੀ ਲਾਲਚ ਨੀ ਰੱਖਦੀਆਂ

ਪੁੱਤ ਤਾਂ ਮੂੰਹੋਂ ਪੈਲੀ ਮੰਗਦੇ ਨੇ,

ਵੱਡੀ ਹੋਣ 'ਤੇ ਕਈ ਇਲਜ਼ਾਮ ਭੁੱਕਦੇ ਨੇ

ਕਿੱਥੋਂ ਆਈ ਤੇ ਕਿੱਥੇ ਚੱਲੀ ਕਈ ਸਵਾਲ ਉੱਠਦੇ ਨੇ,

ਅੱਜਕੱਲ੍ਹ ਸੁਣਿਆ ਜਮੀਨਾਂ ਨਾ ਵਿਆਹ ਦਿੰਦੇ ਨੇ ਮਾਪੇ

ਧੀ ਦੀ ਖੁਸ਼ੀ ਘਰਦੇ ਕਿੱਥੇ ਪੁੱਛਦੇ ਨੇ,

ਇਹ ਸਮਾਜ ਚੰਦਰਾ ਜਿਸਦੇ ਧੱਕੇ ਮਾਪੇ ਚੜ੍ਹੇ ਨੇ

ਇੱਜ਼ਤਾਂ ਦੀ ਰਾਖੀ ਲਈ ਮਾਪਿਆਂ ਧੀਆਂ ਦੇ ਪੈਰ ਫੜੇ ਨੇ,

ਸੋਚ ਕੇ ਹੈਰਾਨੀ ਹੁੰਦੀ! ਮਾਂ ਜੰਮੀਂ ਨੀ ਪੁੱਤ ਬਨੇਰੇ 'ਤੇ

ਸਮਾਜੀ ਲੋਕ ਓ ਕੋਠੇ ਦੀ ਪੌੜੀ ਚੜਦੇ ਨੇ,

ਦੁਨੀਆਂ ਦੀ ਨਜ਼ਰੋਂ ਬਚਾਉਣ ਲਈ

ਮਾਪੇ ਵੀ ਮਜਬੂਰ ਹੁੰਦੇ ਨੇ

ਪਰ ਜੇ ਹੱਕ ਦੇਣ ਵਾਲੇ ਹੀ ਹੱਕ ਖੋਹ ਲੈਣ

ਇਹਦੇ'ਚ ਕੁੜੀਆਂ ਦੇ ਕੀ ਕਸੂਰ ਹੁੰਦੇ ਨੇ,

ਏਹ ਰੱਬ ਦੀਆਂ ਦਿੱਤੀਆਂ ਦਾਤਾਂ ਨੇ ਜੋ ਸਦਾ ਆਉਣਗੀਆਂ

ਜਿੱਥੇ ਪੁੱਤ ਛੱਡ ਜਾਂਦੇ ਹੱਥ, ਫਿਰ ਧੀਆਂ ਦੁੱਖ ਵੰਡਾਉਣਗੀਆਂ,

ਭੁੱਲਰਾ ਸਮਾਜ ਦੇ ਪਿੰਜਰੇ ਦੀ ਕੈਦ 'ਚ ਨੇ ਹਜੇ

ਕਰੋ ਅਬਾਦ ਆਪਣੇ ਬਾਬਲ ਦਾ ਨਾਂ ਰੁਸ਼ਨਾਉਣਗੀਆਂ।

**ਗੁਰਸ਼ਰਨਜੀਤ ਸਿੰਘ**

**ਬੀ. ਏ. ਤੀਜਾ ਸਾਲ**



# ਝੂਠਾ ਹੱਸਣਾ

ਕੀ ਕਰੀਏ ਸਾਰਿਆਂ ਸਾਹਮਣੇ ਹੱਸਣਾ ਪੈਂਦਾ

ਕੋਈ ਦੁੱਖ ਨਹੀਂ ਆ ਮੈਨੂੰ ਇਹ ਦੱਸਣਾ ਪੈਂਦਾ

ਕਿਉਂ ਆਪਣੇ ਹੀ ਛੱਡ ਜਾਂਦੇ ਨੇ

ਬਾਹਰ ਜਾਣ ਦਾ ਸੁਪਨਾ ਪੂਰਾ ਕਰਨ ਲਈ

ਆਪਣੇ ਪਰਿਵਾਰ ਤੋਂ ਹੀ ਦੂਰ ਹੋ ਜਾਂਦੇ ਨੇ

ਬਾਹਰ ਜਾਣ ਦਾ ਸੁਪਨਾ ਪੂਰਾ ਕਰਨ ਲਈ

ਕਿਉਂ ਅਸੀਂ ਇਸ ਗੱਲ ਬਾਰੇ ਸੋਚਦੇ ਨਹੀਂ

ਕਿ ਜਿਸ ਮਾਂ ਦੇ ਦਿਲ ਦੇ ਟੁਕੜੇ ਹੁੰਦੇ ਸੀ

ਅੱਜ ਉਸ ਨੂੰ ਹੀ ਛੱਡ ਆਏ ਹਾਂ

ਅੱਜ ਉਸ ਨੂੰ ਹੀ ਛੱਡ ਆਏ ਹਾਂ

ਗੁਰਨੂਰ ਸਿੰਘ ਗੋਰਾਇਆ

ਬੀ. ਵੋਕ. ਫੂਡ ਪਰੋਸੈਸ

ਪਹਿਲਾ ਸਾਲ



# ਦਾਦੇ ਨੇ

ਜ਼ਿੰਦਗੀ ਦੇ ਕਈ ਅਸੂਲ ਸਿਖਾਏ ਦਾਦੇ ਨੇ

ਬਜ਼ੁਰਗ ਆਉਂਦੇ ਨੇ ਤੇ ਜਾਂਦੇ ਨੇ

ਇਹ ਕੰਨ੍ਹੀ ਗੱਲ ਕਹਿ ਦਿੱਤੀ ਸੀ ਦਾਦੇ ਨੇ

ਇਕੱਠੇ ਬਹਿ ਘੁੰਮਣਾ ਸਾਰਾ ਪਿੰਡ ਆਉਂਦਿਆਂ

ਖਾਣ ਲਈ ਲੈ ਆਉਣਾ ਦਾਦੇ ਨੇ

ਕਾਫੀ ਗੂੜਾ ਪਿਆਰ ਸੀ ਰੱਬਾ

ਸਾਡੇ ਤੋਂ ਇਹ ਵੀ ਖੋਹ ਲਿਆ ਹਸਦੇ ਨੇ

ਘੜੀ ਕੁ ਕੋਲ ਆ ਕੇ ਬਹਿ ਜਾਣਾ ਜਦ ਮੈਂ

ਫ਼ਲਸਫ਼ੇ ਸੁਣਾਉਣ ਬਹਿ ਜਾਣਾ ਦਾਦੇ ਨੇ

ਓਹਨਾਂ ਦੀ ਜ਼ਿੰਦਗੀ ਦੇ ਤਜ਼ੁਰਬੇ ਬੜੇ ਨੇ

ਮੈਨੂੰ ਜੀਣਾ ਸਿਖਾਂ ਤਾਂ ਸੀ ਦਾਦੇ ਨੇ

ਕਾਫੀ ਗੂੜ੍ਹਾ ਪਿਆਰ ਸੀ ਰੱਬਾ

ਸਾਡੇ ਤੋਂ ਇਹ ਵੀ ਖੋਹ ਲਿਆ ਹਸਦੇ ਨੇ

ਓਹਨਾਂ ਦੀਆਂ ਝਿੜਕਾਂ ਦਾ ਬਹੁਤਾ ਚਾਅ ਹੁੰਦਾ ਸੀ

ਹਾਹਾ!! ਬਜੁਰਗਾਂ ਦੀਆਂ ਗਾਲਾਂ ਤੇ

ਘਿਉ ਦੀਆਂ ਨਾਲਾਂ

ਇਹਨਾਂ 'ਚ ਲੁੱਕਿਆ

ਓਹਨਾਂ ਦਾ ਪਿਆਰ ਹੁੰਦਾ ਸੀ

ਸਬਰ, ਸ਼ੁਕਰ, ਸਿੱਦਕ ਤੇ ਇਬਾਦਤ ਕਰਨਾ

ਸਿਖਾਇਆ ਸੀ ਮੈਨੂੰ ਦਾਦੇ ਨੇ

ਕੁੱਲ ਦੁਨੀਆਂ ਝੂਠੀ ਸੀ, ਜ਼ਮਾਨੇ ਨਾਲ

ਚਲਣਾ ਸਿਖਾਇਆ ਸੀ ਦਾਦੇ ਨੇ

ਬਹੁਤ ਗੂੜਾ ਪਿਆਰ ਸੀ ਰੱਬਾ

ਸਾਡੇ ਤੋਂ ਇਹ ਵੀ ਖੋਹ ਲਿਆ ਹੱਸਦੇ ਨੇ

ਹੱਸਦੇ ਮੁੱਖ ਪਤਾ ਨੀ ਕਦ ਤਸਵੀਰਾਂ ਬਣ ਜਾਂਦੀਆ ਨੇ

ਮੋਹ ਦੇ ਰਿਸ਼ਤੇ ਕਦ ਰੱਬ ਦੇ ਹੋ ਜਾਂਦੇ ਨੇ

ਯਾਦਾਂ ਈ ਜਿਉਂਦਿਆ ਰਹਿ ਜਾਂਦੀਆਂ ਨੇ

ਜਦ ਨੂਰ ਘਰਦੇ ਜੀਅ ਰੱਬ ਦੇ ਹੋ ਜਾਂਦੇ ਨੇ

ਬੜੇ ਪੇਚੀਦੇ ਰਾਹ ਨੇ ਜ਼ਿੰਦਗੀ ਦੇ

ਹਾਲੇ ਬਹੁਤ ਗੱਲਾਂ ਸਿਖਉਣੀਆਂ ਸੀ ਮੈਨੂੰ ਦਾਦੇ ਨੇ

ਇਕ ਸਵਾਲ ਬੜਾ ਤੰਗ ਕਰਦਾ ਆ

ਚਲੇ ਕਿੱਥੇ ਜਾਂਦੇ ਨੇ ਓਹ

ਜਿਹੜੇ ਇੱਕੋ ਘਰ ਦੇ ਜੀਆਂ ਨਾਲ

ਮੋਹ ਦੀਆਂ ਤੰਦਾਂ ਬਣ ਰਹਿੰਦੇ ਨੇ

ਬੜਾ ਗੂੜਾ ਪਿਆਰ ਸੀ ਰੱਬਾ

ਸਾਡੇ ਤੋਂ ਉਹ ਵੀ ਖੋਹ ਲਿਆ ਹਸਦੇ ਨੇ

**ਅਨੂਰ ਮਹਿਗੇੜਾ**

**ਬੀ. ਏ. ਇੰਗਲਿਸ਼ ਆਨਰਜ਼**

**ਪਹਿਲਾ ਸਾਲ**



# ਉਡਾਨ





ਹਰਜੀਤ ਸਿੰਘ

ਐਮ. ਏ. ਸਾਲ ਫਾਈਨ ਆਰਟ

ਦੂਜਾ ਸਾਲ

# ਇਹ ਰੁੱਤ

ਬੇਖ਼ਯਾਲੀ ਜਿਹੀ ਭਰ, ਚੱਲੀ ਹੈ ਇਹ ਰੁੱਤ।
ਮੇਰੇ ਹਿੱਸੇ ਦੀ ਕਿਸ ਨੇ, ਮੱਲੀ ਹੈ ਇਹ ਰੁੱਤ?

ਨਿਮਰ ਹੋ ਬੇਨਤੀ ਹੈ, ਬਦ-ਦੁਆ ਨਾ ਕੋਈ,
ਦੇਣੀ ਵੇ ਭਾਈਓ ਜਿਸ, ਠੱਲ੍ਹੀ ਹੈ ਇਹ ਰੁੱਤ।

ਇਹ ਵੱਖਰੇ ਜਹਾਨ ਦੇ, ਵੱਖਰੇ ਮੌਸਮਾਂ ਵਿਚ,
ਬਸ ਮੇਰੇ ਵਾਂਗਰ ਹੀ, ਇਕੱਲੀ ਹੈ ਇਹ ਰੁੱਤ।

ਮੇਰੇ ਹੱਥੋਂ ਉੱਗਿਆ ਏ, ਢਿੱਡ ਨੂੰ ਨਸੀਬ ਕਰੇ,
ਭੁੱਖਾਂ ਮਕਾਉਂਦੀ ਜਾਵੇ, ਸਵੱਲੀ ਹੈ ਇਹ ਰੁੱਤ।

ਚਿੰਤਾ ਬਣ ਚੱਲੀ ਸੀ, ਮੇਰੀ ਚਿਤਾ ਬਰਾਬਰ,
ਸ਼ੁਕਰ ਮੇਰੇ ਮਹਿਰਮ ਨੇ, ਘੱਲੀ ਹੈ ਇਹ ਰੁੱਤ।

**ਸਾਹਿਬਜੀਤ ਸਿੰਘ**
**ਬੀ. ਏ. ਤੀਜਾ ਸਾਲ**



# ਖ਼ਵਾਬ

ਤੁਸੀਂ ਮੇਰੇ ਬਾਰੇ 'ਓ' ਕਿਉਂ ਨਹੀਂ ਲਿਖਦੇ, ਜਾਂ,

ਸ਼ਾਇਰ ਬਣਨ ਦੀ ਸ਼ਰਤ ਹੈ ਕੋਈ ?

ਕਿਉਂ ਲਿਖਦੇ ਹੋ ਹਰ ਵਕਤ ਮੇਰੇ ਖੁੱਲ੍ਹੇ ਵਾਲ,

ਚੰਨ ਮੱਥੇ 'ਤੇ ਸੋਹਣੀ ਚੁੱਪ ਮੁਸਕਾਨ 'ਤੇ,

ਮੈਂ ਝੂਠ ਨਹੀਂ ਆਖਦੀ

ਮੇਰੇ ਲਈ ਇਹੀ ਸਤਾਰਵਾਂ ਸ਼ਿੰਗਾਰ ਸਾਰਾ,

ਪਰ ਜਦ ਮੈਂ ਖੁੱਲ੍ਹੇ ਵਾਲ ਬੰਨ੍ਹਾ ਤੇ

ਉਸਦੇ ਹਰ ਵੱਲ ਮੇਰੇ ਇਕ ਮੇਰੇ ਨਵੇਂ ਖਵਾਬ ਬਾਰੇ,

ਮੇਰੇ ਚੰਨ ਮੱਥੇ 'ਤੇ ਅਸਲ ਸੋਹਣੇ ਦਾਗਾਂ ਬਾਰੇ,

ਪਿਆਰੀ ਮੁਸਕਾਨ ਤੋਂ ਖੁੱਲ੍ਹੀ ਬੇਫਿਕਰੀ

ਹੱਸੀ ਦੇ ਸਫ਼ਰ ਬਾਰੇ, ਕਿਉਂ ਨਹੀਂ ਲਿਖਦੇ?

ਮੈਂ ਖੂਬਸੂਰਤੀ ਦੇ ਮੋਤੀ ਸੁਪਨਿਆਂ ਦੇ ਧਾਗੇ ਵਿਚ ਪਰੋਏ,

ਜੇ ਧਾਗਾ ਟੁੱਟ ਗਿਆ ਤੇ ਮੋਤੀਆਂ ਦਾ ਮੋਲ ਨਾ ਕੋਈ,

ਤੇ ਆਪ ਲਿਖੇ ਬਿਖਰੇ, ਰੋਂਦੇ ਮੋਤੀ, ਹਰਜਾਈ।

ਜੇ ਮੇਰੀ ਮੁਹੱਬਤ ਦਾ ਮਾਨ ਕਿੱਤਾ ਹੱਕ ਜਤਾਏ,

ਖ਼ਵਾਬਾਂ ਵੇਲੇ ਕਿਉਂ ਮੋਹ ਮੋਢ ਲਿਆ,

ਸ਼ਾਇਰ ਹੋਕੇ ਇਨਸਾਨ ਨੂੰ ਇਨਸਾਨ ਦਾ ਨਾ ਬਣਾ ਪਾਏ।

ਮੇਰੀ ਇੱਕ ਭਰੀ ਉਡਾਰੀ ਲਿਖਦੇ,

ਸ਼ਾਇਦ ਤੇਰੇ ਭਰੋਸੇ ਦੀ ਲਹਿਰ,

ਉਸ ਦੀ ਤਾਬੀਰ ਤੇ ਦੋਜੇ ਦੀ ਤਿਆਰੀ ਕਰਦੇ।

ਮੈਨੂੰ ਸ਼ੋਲਾ ਬਣ ਕੇ ਰਹਿਣ ਦੇ,

ਨਾ ਬੁਝਾ ਕੋਸ਼ਿਸ਼ ਦੀ ਹਵਾ ਨੂੰ ਚੱਲਣ ਦੇ,

ਹੋਣ ਤਮਾਸ਼ਾ ਜ਼ਰੂਰੀ ਨਹੀਂ ,

ਬਸ ਖ਼ਵਾਬਾਂ ਦੀ ਪੱਕੀ ਜਾਫੀ ਚਾਹੀਦੀ,

ਲੋਕਾਂ ਦੀ ਹਜ਼ੂਰੀ ਨਹੀਂ।

ਤੇਰੇ ਤੋਂ ਨਾ ਲਿੱਖ ਹੋਵੇ ਤਾਂ ਕੋਈ ਗਿਲ਼ਾ ਨਹੀਂ,

ਖ਼ੂਬਸੂਰਤ ਰੂਹ ਕੋਲ ਖ਼ਵਾਬਾਂ ਦੀ ਕਮੀ ਨਹੀਂ।

ਸ਼ਾਇਰਾ, ਨਾ ਮੈਨੂੰ ਸ਼ਬਦਾਂ ਵਿਚ ਉਲਝਾ

ਜਿੱਥੇ ਹੈ, ਉਥੇ ਮੇਰੀ ਰੂਹ ਦੇ ਨਵੇਂ ਪਹਿਲੂ ਨੂੰ ਦਰਸ਼ਾ,

ਅਪਣੀ ਧਾਰਨਾਵਾਂ ਤੋਂ ਬਾਅਦ ਮੇਰੀ ਸੁਪਨਿਆਂ ਦੀ ਵਾਰੀ ਲਾ,

ਮੈਂ ਉਹ ਛੋਟੀ ਉਮਰੀ ਦਾ ਯਕੀਨ ਕਿੱਥੋਂ ਮੋੜ ਲਿਆਵਾਂ,

ਤੂੰ ਆਖ ਇਹਨਾਂ ਸਾਰਿਆਂ ਨੂੰ, ਮੈਨੂੰ ਅੱਖਾਂ ਖੋਲ੍ਹ,

ਖਵਾਬ ਜੀਣ ਦੀ ਆਸ ਦਵਾ,

ਮੈਨੂੰ ਅੱਖਾਂ ਖੋਲ੍ਹ,

ਖ਼ਵਾਬ ਜੀਣ ਦੀ ਆਸ ਦਵਾ।

**ਤਰਨ ਕੌਰ**

**ਬੀ. ਪੀ. ਟੀ.**

**ਪਹਿਲਾ ਸਾਲ**



# ਉਮੀਦ ਨਹੀਂ (ਭਾਗ ਤੀਜਾ)

**ਹਰਿ ਤੀਜੜੀ ਲਾਵ ਮਨਿ ਚਾਉ ਭਇਆ ਬੈਰਾਗੀਆ ਬਲਿ ਰਾਮ ਜੀਉ॥**

**ਸੰਤ ਜਨਾ ਹਰਿ ਮੇਲੁ ਹਰਿ ਪਾਇਆ ਵਡਭਾਗੀਆ ਬਲਿ ਰਾਮ ਜੀਉ॥**

**ਨਿਰਮਲੁ ਹਰਿ ਪਾਇਆ ਹਰਿ ਗੁਣ ਗਾਇਆ ਮੁਖਿ ਬੋਲੀ ਹਰਿ ਬਾਣੀ॥**

**ਸੰਤ ਜਨਾ ਵਡਭਾਗੀ ਪਾਇਆ ਹਰਿ ਕਥੀਐ ਅਕਥ ਕਹਾਣੀ॥**

**ਹਿਰਦੈ ਹਰਿ ਹਰਿ ਹਰਿ ਧੁਨਿ ਉਪਜੀ ਹਰਿ ਜਪੀਐ ਮਸਤਕਿ ਭਾਗੁ ਜੀਉ॥**

**ਜਨੁ ਨਾਨਕੁ ਬੋਲੇ ਤੀਜੀ ਲਾਵੈ ਹਰਿ ਉਪਜੈ ਮਨਿ ਬੈਰਾਗੁ ਜੀਉ॥੩॥**

ਤੀਜੀ ਲਾਵ ਦਾ ਪਾਠ ਹੋ ਰਿਹਾ ਸੀ। ਮੈਂ ਏਨੀ ਖੁਸ਼ ਸੀ ਕਿ ਫੁੱਲੀ ਨਹੀਂ ਸੀ ਸਮਾ ਰਹੀ। ਆਖਿਰਕਾਰ ਗੋਵਿੰਦ ਮੇਰੀ ਝੋਲੀ ਪੈ ਹੀ ਰਹਾ ਸੀ। ਸਭ ਉੱਚੀ-ਉੱਚੀ ਬਾਣੀ ਦੀ ਤੁਕ ਗਾ ਰਹੇ ਸਨ। ਗੋਵਿੰਦ ਨੇ ਸੂਹੇ ਰੰਗ ਦੀ ਪੱਗ ਬੰਨੀ ਹੋਈ ਸੀ ਤੇ ਗਲ ਕਰੀਮ ਰੰਗ ਦੀ ਬੜੀ ਹੀ ਸੋਹਣੀ ਸ਼ੇਰਵਾਨੀ ਪਾਈ ਹੋਈ ਸੀ। ਮੈਂ ਸੂਹੇ ਰੰਗ ਦਾ ਲਹਿੰਗਾ, ਹੱਥੀਂ ਚੂੜਾ, ਸਿਰ ਤੇ ਫੁਲਕਾਰੀ, ਪੂਰਾ ਹਾਰ ਸ਼ਿੰਗਾਰ ਕੀਤਾ ਹੋਇਆ ਸੀ। ਮੇਰੇ ਹੱਥ ਗੋਵਿੰਦ ਦੇ ਮੋਢੇ ਤੇ ਰੱਖਿਆ ਪੱਲਾ ਸੀ। ਜੋ ਉਸਦੇ ਮੋਢੇ ਤੋਂ ਹੁੰਦਿਆ ਆਪਣੇ ਹੱਥ ਵਿੱਚ ਕੱਸਿਆ ਹੋਇਆ ਸੀ। ਮੈਂ ਵੀ ਪੱਲੇ ਨੂੰ ਘੁੱਟ ਕੇ ਫੜਿਆ ਹੋਇਆ ਸੀ ਕਿ ਕਿਧਰੇ ਪੱਲਾ ਛੁੱਟ ਨਾ ਜਾਵੇ। ਲਾਵ ਖਤਮ ਹੀ ਹੋ ਰਹੀ ਸੀ ਤਾਂ ਮੈਂ ਘੁੰਮ ਗੋਵਿੰਦ ਦੇ ਪਿੱਛਿਉਂ ਹੁੰਦੀ ਉਸਦੇ ਖੱਬੇ ਹੱਥ ਆ ਖੜੀ ਹੋਈ ਤੇ ਅਸੀਂ ਦੋਵੇਂ ਝੁਕ ਮੱਥਾ ਟੇਕ ਬੈਠ ਗਏ।

ਚੌਥੀ ਲਾਵ ਦਾ ਪਾਠ ਸ਼ੁਰੂ ਹੋ ਗਿਆ। ਅਸੀਂ ਫਿਰ ਤੋਂ ਮੱਥਾ ਟੇਕ ਖੜ੍ਹੇ ਹੋਏ ਤੇ ਚੌਥੀ ਲਾਵ ਲਈ ਤੁਰ ਪਏ।

**ਹਰਿ ਚਉਥੜੀ ਲਾਵ ਮਨਿ ਸਹਜੁ ਭਇਆ ਹਰਿ ਪਾਇਆ ਬਲਿ ਰਾਮ ਜੀਉ॥**

**ਗੁਰਮੁਖਿ ਮਿਲਿਆ ਸੁਭਾਇ ਹਰਿ ਮਨਿ ਤਨਿ ਮੀਠਾ ਲਾਇਆ ਬਲਿ ਰਾਮ ਜੀਉ॥**

**ਹਰਿ ਮੀਠਾ ਲਾਇਆ ਮੇਰੇ ਪ੍ਰਭ ਭਾਇਆ ਅਨਦਿਨੁ ਹਰਿ..................**

ਅਚਾਨਕ ਬਾਣੀ ਬੰਦ ਹੋ ਗਈ। ਅਜੇ ਅਸੀਂ ਅੱਧ ਵਿੱਚ ਹੀ ਪਹੁੰਚੇ ਸੀ ਕਿ ਮੇਰੇ ਹੱਥੋਂ ਪੱਲਾ ਛੁੱਟ ਗਿਆ। ਗੋਵਿੰਦ ਅੱਗੇ ਨੂੰ ਵੱਧਦਾ ਜਾ ਰਿਹਾ ਸੀ। ਮੈਂ ਇੱਕ ਵੀ ਕਦਮ ਨਹੀਂ ਸੀ ਪੁੱਟ ਪਾ ਰਹੀ। ਇਹ ਕੀ ਹੋ ਰਿਹਾ ਸੀ? ਇੰਝ ਲੱਗ ਰਿਹਾ ਸੀ ਜਿਵੇਂ ਕਿਸੇ ਨੇ ਬਹੁਤ ਜ਼ੋਰ ਨਾਲ ਮੈਨੂੰ ਅੱਗੇ ਵਧਣ ਤੋਂ ਰੋਕ ਲਿਆ ਹੋਵੇ। ਨਾ ਤਾਂ ਮੇਰੇ ਮੂੰਹੋਂ ਕੋਈ ਆਵਾਜ਼ ਨਿਕਲ ਰਹੀ ਸੀ ਤੇ ਨਾ ਹੀ ਮੈਂ ਹਿੱਲ ਹੀ ਪਾ ਰਹੀ ਸੀ। ਇਹ ਕੀ ਹੋ ਰਹਾ ਸੀ ਮੈਨੂੰ ਕੁਝ ਵੀ ਸਮਝ ਨਾ ਲੱਗਾ। ਮੈਂ ਬਥੇਰਾ ਜ਼ੋਰ ਲਾਇਆ ਕਿ ਉਸਨੂੰ ਅੱਗੇ ਵਧਣ ਤੋਂ ਰੋਕ ਸਕਾਂ ਪਰ ਉਹ ਰੁਕਿਆ ਨਾ। ਉਹ ਇਕੱਲਾ ਹੀ ਅੱਗੇ ਵੱਧਦਾ ਗਿਆ। ਬਾਣੀ ਵੀ ਨਹੀਂ ਸੀ ਚੱਲ ਰਹੀ। ਮੈਂ ਪੂਰਾ ਜ਼ੋਰ ਲਾ ਰਹੀ ਸੀ ਕਿ ਅਚਾਨਕ ਮੇਰੀ ਅੱਖ ਖੁੱਲ੍ਹ ਗਈ। ਮੈਨੂੰ ਧਰਵਾਸ ਆਈ, ਮੈਂ ਆਖਿਆ..

"ਓ ਵਾਹਿਗੁਰੂ ਸ਼ੁਕਰ ਆ, ਸੁਪਨਾ ਸੀ।"

ਮੈਂ ਕੋਲ ਹੀ ਪਿਆ ਪਾਣੀ ਪੀਤਾ ਤੇ ਵਕਤ ਵੇਖਣ ਲਈ ਫੂਨ ਫੜ੍ਹ ਲਿਆ। ਅਜੇ ਤਾਂ ਸਵਾ ਚਾਰ ਹੀ ਹੋਏ ਸਨ। ਮੈਂ ਦੇਖਿਆ ਤਾਂ ਗੋਵਿੰਦ ਦੀਆਂ ਕਈ ਮਿਸ ਕਾਲਾਂ ਤੇ ਮੈਸਜ ਸਨ। ਮੈਂ ਵੱਟਸਐੱਪ ਖੋਲ੍ਹਿਆ ਤੇ ਮੈਸਜ ਪੜ੍ਹਨ ਲੱਗ ਪਈ। ਉਸਨੇ ਬਹੁਤੇ ਮੈਸਜਾਂ ਵਿੱਚ

ਮੁਆਫੀ ਮੰਗੀ ਹੋਈ ਸੀ ਤੇ ਆਪਣੇ ਪਿਆਰ ਲਈ ਤਰਲੇ ਕੀਤੇ ਹੋਏ ਸਨ। ਅਖੀਰ ਵਿੱਚ ਉਸਨੇ ਇੱਕ ਕਵਿਤਾ ਭੇਜੀ ਹੋਈ ਸੀ। ਮੈਂ ਕਵਿਤਾ ਪੜ੍ਹਨ ਲੱਗੀ...

ਕਿੰਨੀ ਉਮਰ ਗੁਜ਼ਰ ਗਈ ਮੇਰੀ,

ਤੇਰਾ ਇੰਤਜ਼ਾਰ ਕਰਦਿਆਂ,

ਨਾ ਦਿਨ ਦੇਖਿਆ ਨਾ ਰਾਤ ਮੈਂ,

ਪਿਆਰ ਦਾ ਇਜ਼ਹਾਰ ਕਰਦਿਆਂ,

ਇਹੀ ਜਖ਼ਮ ਬਸ ਜਰ ਲਵਾਂ!

ਜਾਂ ਹੋਰ ਸੱਟਾਂ ਖਾਵਾਂ?

ਤੂੰ ਤਾਂ ਦਿਲ ਦਾ ਬੂਹਾ ਢੋ ਲਿਆ ਸੱਜਣਾ,

ਦੱਸ ਖੜਕਾਵਾਂ!

ਜਾਂ ਮੁੜ ਜਾਵਾਂ?

ਮੈਂ ਨਾ ਸੋਚਿਆ ਸੀ ਕਦੇ,

ਤੂੰ ਇੰਝ ਮੇਰੇ ਤੋਂ ਵੱਖ ਹੋਵੇਗਾ,

ਜੋ ਸੀ ਵਡਮੁੱਲਾ ਲਾਲ ਰਤਨ,

ਅੱਜ ਤੇਰੇ ਲਈ ਕੱਖ ਹੋਵੇਗਾ,

ਕਿਸੇ ਹੋਰ ਥਾਂ ਰੱਬ ਨੂੰ ਲੱਭਾਂ!

ਜਾਂ ਅਜੇ ਤੇਰਾ ਨਾਮ ਧਿਆਵਾਂ?

ਤੂੰ ਤਾਂ ਦਿਲ ਦਾ ਬੂਹਾ ਢੋ ਲਿਆ ਸੱਜਣਾ,

ਦੱਸ ਖੜਕਾਵਾਂ!

ਜਾਂ ਮੁੜ ਜਾਵਾਂ?

ਤੂੰ ਜਾਣਦਾ ਏ, ਮੈਂ ਜਾਣਦਾ ਹਾਂ,

ਕਿ ਤੈਨੂੰ ਮੇਰੇ ਨਾਲ ਪਿਆਰ ਏ,

ਹੁਣ ਤੂੰ ਉਸ ਤੇ ਪਰਦੇ ਪਾ ਲਏ,

ਜੋ ਕਦੇ ਦਿਖਦਾ ਬੇਸ਼ੁਮਾਰ ਏ,

ਕਾਰਨ ਦੱਸਜਾ ਕੀ ਗਲਤੀ ਹੋ ਗਈ!

ਜੋ ਲੈਣੀਆਂ ਨਾ ਮੇਰੇ ਨਾਲ ਲਾਵਾਂ?

ਤੂੰ ਤਾਂ ਦਿਲ ਦਾ ਬੂਹਾ ਢੋ ਲਿਆ ਸੱਜਣਾ,

ਦੱਸ ਖੜਕਾਵਾਂ!

ਜਾਂ ਮੁੜ ਜਾਵਾਂ?

ਉਂਞ ਉਮੀਦ ਹੈ ਹੁਣ ਵੀ ਮੈਨੂੰ,

ਕਿਸੇ ਵੇਲੇ ਤੂੰ ਦਿਲ ਦਾ ਬੂਹਾ ਖੋਲੇਂਗਾ,

ਉਸ ਵਕਤ ਸ਼ਾਇਦ ਮੈਂ ਨਾ ਹੋਵਾਂ,

ਤੂੰ ਦਰ ਦਰ ਫਿਰਦਾ ਟੋਲੇਂਗਾ,

ਹੁਣ ਵਕਤ ਹੈ ਦੱਸਦੇ ਸੱਜਣਾ,

ਫਿਰ ਬੰਦ ਹੋ ਜਾਣੀਆਂ ਮੇਰੀਆਂ ਰਾਵਾਂ,

ਤੂੰ ਤਾਂ ਦਿਲ ਦਾ ਬੂਹਾ ਢੋ ਲਿਆ ਸੱਜਣਾ,

ਦੱਸ ਖੜਕਾਵਾਂ!

ਜਾਂ ਮੁੜ ਜਾਵਾਂ?

ਮੈਂ ਕਵਿਤਾ ਪੜ੍ਹੀ ਤੇ ਸੋਚੀਂ ਪੈ ਗਈ। ਗੋਵਿੰਦ ਨੇ ਆਪਣੇ ਦਿਲ ਦੀਆਂ ਸਭ ਗੱਲਾਂ ਕਵਿਤਾ ਵਿੱਚ ਸਮੇਟ ਦਿੱਤੀਆਂ ਸਨ। ਉਹ ਕਦੇ ਕਦਾਈਂ ਕਵਿਤਾਵਾਂ ਲਿਖਦਾ ਸੀ। ਪਰ ਮੈਨੂੰ ਕਦੇ ਵੀ ਚੰਗੀਆਂ ਨਹੀਂ ਸੀ ਲੱਗੀਆਂ। ਬਸ ਕਮਲ ਘੋਟਦਾ ਹੀ ਜਾਪਦਾ ਸੀ ਹਰ ਕਵਿਤਾ ਵਿੱਚ। ਪਰ ਆਹ ਜੋ ਕਵਿਤਾ ਭੇਜੀ, ਉਸਨੇ ਮੇਰੇ ਦਿਲ ਉੱਤੇ ਕਰਾਰੀ ਚੋਟ ਮਾਰੀ ਸੀ। ਮੇਰਾ ਵੱਟਸਐਪ ਅਜੇ ਚਾਲੂ ਹੀ ਸੀ ਕਿ ਮੈਂ ਦੇਖਿਆ ਤਾਂ ਗੋਵਿੰਦ ਆਨਲਾਇਨ ਆ ਗਿਆ। ਉਸੇ ਵਕਤ ਹੀ ਉਸਦਾ ਮੈਸਜ ਆ ਗਿਆ..

"ਮੁਆਫ ਕਰਦੇ ਪ੍ਰੀਤਾ ਯਾਰ।"

ਮੈਂ ਸਮਝ ਗਈ ਕਿ ਉਸਨੇ ਮੈਨੂੰ ਆਨਲਾਇਨ ਦੇਖਦੇ ਹੀ ਮੈਸਜ ਭੇਜਿਆ ਹੈ। ਮੈਂ ਕੋਈ ਜੁਆਬ ਨਾ ਦਿੱਤਾ। ਮੈਂ ਹੈਰਾਨ ਸੀ ਕਿ ਗੋਵਿੰਦ ਅਜੇ ਵੀ ਜਾਗ ਰਿਹਾ ਸੀ। ਮੈਂ ਫੂਨ ਬੰਦ ਕਰ ਪਾਸੇ ਰੱਖਣ ਹੀ ਲੱਗੀ ਕਿ ਉਸਦਾ ਫਿਰ ਤੋਂ ਮੈਸਜ ਆਇਆ..

"ਜੇ ਤੂੰ ਕੋਈ ਜੁਆਬ ਨਾ ਦਿੱਤਾ ਤਾਂ ਮੈਂ ਤੇਰੇ ਘਰੇ ਆ ਜਾਣਾ ਈ।"

ਮੈਂ ਮੈਸਜ ਦੇਖਿਆ ਤੇ ਇੰਟਰਨੈੱਟ ਬੰਦ ਕਰ ਫੂਨ ਇੱਕ ਪਾਸੇ ਰੱਖ ਦਿੱਤਾ। ਮੈਂ ਜਾਣਦੀ ਸੀ ਗੋਵਿੰਦ ਨੂੰ ਉਹ ਕਦੇ ਵੀ ਘਰ ਆਉਣ ਵਾਲੀ ਗਲਤੀ ਨਹੀਂ ਕਰੇਗਾ। ਉਹ ਬਸ ਗੁੱਸੇ ਵਿੱਚ ਬੋਲ ਰਿਹਾ ਸੀ। ਮੈਂ ਫੂਨ ਪਾਸੇ ਰੱਖ ਸਾਉਣ ਲੱਗ ਪਈ। ਅਜੇ ਪੰਜ ਮਿੰਟ ਵੀ ਨਹੀਂ ਸਨ ਹੋਏ ਕਿ ਮੇਰਾ ਬੂਹਾ ਖੜਕਣ ਲੱਗਾ। ਮੈਂ ਡਰ ਗਈ। ਬਾਹਰੋਂ ਆਵਾਜ਼ ਆਈ..

"ਪ੍ਰੀਤਾ ਬੂਹਾ ਖੋਲ੍ਹ।"

ਮੈਂ ਪੂਰੀ ਤਰ੍ਹਾਂ ਡਰੀ ਪਈ ਸੀ। ਮੈਂ ਕਾਹਲੀ ਨਾਲ ਉੱਠੀ ਤੇ ਬੂਹਾ ਖੋਲ੍ਹਿਆ। ਮੈਨੂੰ ਡਰ ਸੀ ਕਿੱਧਰੇ ਮੇਰੀ ਮੰਮੀ ਨਾ ਉੱਠ ਜਾਵੇ। ਅਗਰ ਉਹ ਉੱਠ ਗਈ ਤਾਂ ਮੇਰੇ ਤੋਂ ਕਦੇ ਉਹਨਾਂ ਸਾਹਮਣੇ ਸਿਰ ਨਹੀਂ ਸੀ ਚੁੱਕ ਹੋਣਾ। ਮੈਂ ਜਿਉਂ ਹੀ ਬੂਹਾ ਖੋਲ੍ਹਿਆ ਤਾਂ ਗੋਵਿੰਦ ਨੂੰ ਅੰਦਰ ਵਾੜ ਫਿਰ ਤੋਂ ਬੂਹਾ ਬੰਦ ਕਰ ਕੁੰਡੀ ਲਗਾ ਦਿੱਤੀ। ਕੁੰਡੀ ਲਾਉਂਦੇ ਹੀ ਮੈਂ ਸਹਿਮੀ ਜਿਹੀ ਆਵਾਜ਼ ਵਿੱਚ ਗੋਵਿੰਦ ਨੂੰ ਝਿੜਕਣ ਲੱਗ ਪਈ...

"ਤੇਰਾ ਦਿਮਾਗ ਖਰਾਬ ਆ? ਤੂੰ ਮੈਨੂੰ ਘਰੋਂ ਕਢਵਾਉਣਾ ਐ ਯਾਰ। ਆਹ ਕੀ ਹਰਕਤ ਹੋਈ ਭਲਾ?"

"ਤੂੰ ਜਦੋਂ ਜੁਆਬ ਨਹੀਂ ਦੇਣਾ ਕੋਈ ਤਾਂ ਫਿਰ ਮੈਂ ਆਉਣਾ ਹੀ ਸੀ।"

"ਗੋਵਿੰਦ ਜਾਹ ਯਾਰ। ਮੰਮੀ ਉੱਠ ਗਏ ਤਾਂ ਮੇਰਾ ਕਾਲਜ ਵੀ ਬੰਦ ਹੋ ਜਾਣਾ। ਤੂੰ ਚਲਾ ਜਾਹ।"

"ਨਹੀਂ, ਮੈਂ ਨਹੀਂ ਜਾਣਾ, ਪਹਿਲਾਂ ਮੈਨੂੰ ਦੱਸ।"

"ਕੀ ਦੱਸਾਂ ਮੈਂ ਤੈਨੂੰ?"

"ਤੂੰ ਮੈਨੂੰ ਪਿਆਰ ਕਰਦੀ ਏ ਕਿ ਨਹੀਂ ਕਰਦੀ?"

"ਹੱਦ ਹੋਈ ਪਈ ਆ ਗੋਵਿੰਦ ਤੇਰੇ ਵਾਲੀ ਵੀ। ਜਿੰਨ੍ਹਾਂ ਸਵਾਲਾਂ ਦੇ ਜੁਆਬ ਤੈਨੂੰ ਪਤਾ ਫਿਰ ਉਹੀ ਸਵਾਲ ਵਾਰ-ਵਾਰ?"

"ਮੈਨੂੰ ਪਤਾ ਭਾਵੇਂ ਨਹੀਂ ਪਤਾ। ਤੂੰ ਦੱਸ ਕਰਦੀ ਏ ਜਾਂ ਨਹੀਂ?"

"ਕਰਦੀ ਆ ਯਾਰ। ਬਹੁਤ ਕਰਦੀ ਆ।"

"ਜੇ ਕਰਦੀ ਏ ਤਾਂ ਫਿਰ ਯਾਰ ਕੀ ਤੰਗੀ ਏ ਮੇਰੇ ਨਾਲ ਵਿਆਹ ਕਰਵਾਉਣ ਵਿੱਚ?"

ਉਹ ਖਿੱਝਦਾ ਹੋਇਆ ਮੇਰੇ ਨੇੜੇ ਹੋ ਗਿਆ। ਉਸਨੇ ਮੈਨੂੰ ਮੇਰੇ ਮੋਢਿਆਂ ਤੋਂ ਫੜਿਆ ਹੋਇਆ ਸੀ। ਮੈਂ ਆਪਣੇ ਆਪ ਨੂੰ ਉਸਤੋਂ ਛੁਡਵਾਉਣ ਦੀ ਕੋਸ਼ਿਸ਼ ਕਰਦੀ ਬੋਲੀ..

"ਗੋਵਿੰਦ ਨਾ ਕਰ ਯਾਰ ਏਦਾਂ। ਮੈਂ ਆਪਣੇ ਵੱਸ ਵਿੱਚ ਨਹੀਂ ਰਹਿਣਾ। ਤੂੰ ਜਾਹ ਏਥੋਂ ਆਪਾਂ ਸਵੇਰੇ ਬੈਠ ਗੱਲ ਕਰਾਂਗੇ।"

"ਕੀ ਨਹੀਂ ਤੇਰੇ ਵੱਸ ਵਿੱਚ ਰਹਿਣਾ?"

"ਆਹ ਜੋ ਵੀ ਤੂੰ ਕਰ ਰਿਹਾ ਏ। ਜੋ ਤੂੰ ਮੈਨੂੰ ਛੂੰਹਣ ਡਿਆ ਏ।"

ਉਸਨੇ ਮੈਨੂੰ ਛੂਹਿਆ ਤਾਂ ਮੇਰੇ ਅੰਦਰ ਇੱਕ ਤਰ੍ਹਾਂ ਦੀ ਸਨਸਨੀ ਜਿਹੀ ਫੈਲ ਗਈ। ਮੇਰੇ ਜਿਸਮ ਵਿੱਚ ਕੰਬਣੀ ਜਿਹੀ ਛਿੜ ਗਈ। ਮੈਨੂੰ ਸਮਝ ਨਹੀਂ ਸੀ ਆ ਰਹੀ ਕਿ ਮੈਂ ਗੋਵਿੰਦ ਨੂੰ ਕਿਵੇਂ ਰੋਕਾਂ। ਮੈਂ ਉਸਨੂੰ ਛੱਡਣ ਲਈ ਕਿਹਾ ਤਾਂ ਉਹ ਛੱਡਣ ਦੀ ਬਿਜਾਏ ਸਗੋਂ ਹੋਰ ਮੈਨੂੰ ਘੁੱਟਣ ਲੱਗ ਪਿਆ ਤੇ ਆਪਣੇ ਵੱਲ ਨੂੰ ਖਿੱਚਣ ਲੱਗਾ।

ਮੈਂ ਉਸਨੂੰ ਰੋਕਦੇ ਫਿਰ ਤੋਂ ਬੋਲੀ...

"ਗੋਵਿੰਦ ਨਾ ਕਰ ਯਾਰ ਇੰਝ, ਮੇਰੇ ਤੋਂ ਬਰਦਾਸ਼ਿਤ ਨਹੀਂ ਹੋ ਰਿਹਾ।"

"ਤੂੰ ਦੱਸ ਤੇ ਸਹੀਂ ਕਿੰਝ ਨਾ ਕਰਾਂ।"

ਉਸਨੇ ਮੇਰੀ ਕਮੀਜ ਨੂੰ ਚੁੱਕ ਮੇਰੀ ਨੰਗੀ ਕਮਰ ਨੂੰ ਘੁੱਟ ਆਪਣੇ ਵੱਲ ਨੂੰ ਖਿੱਚਿਆ ਤਾਂ ਮੈਂ ਬਹੁਤ ਹੀ ਬੇ-ਵੱਸ ਹੋ ਗਈ। ਇੰਝ ਲੱਗਿਆ ਜਿਵੇਂ ਉਸਨੇ ਮੇਰੀ ਰੂਹ ਹੀ ਕੱਢ ਲਈ ਹੋਵੇ। ਮੈਂ ਪੂਰਾ ਉਸਦੇ ਨਾਲ ਜੁੜੀ ਹੋਈ ਸੀ। ਮੇਰੀ ਛਾਤੀ ਬਿਲਕੁਲ ਉਸਦੀ ਛਾਤੀ ਨਾਲ ਖਹਿ ਰਹੀ ਸੀ। ਉਹ ਮੇਰੀ ਕਮਰ ਨੂੰ ਜਿਵੇਂ ਪਲੋਸ ਰਿਹਾ ਹੋਵੇ। ਇੰਝ ਅਜੇ ਤੱਕ ਕਦੇ ਮੇਰੇ ਨਾਲ ਨਹੀਂ ਸੀ ਹੋਇਆ। ਮੈਂ ਆਪਣੇ ਦੋਵੇਂ ਹੱਥ ਸਾਹਮਣੇ ਉਹਦੇ ਮੋਢਿਆਂ ਤੇ ਰੱਖ ਇੱਕ ਹੋਰ ਨਾ-ਕਾਮ ਕੋਸ਼ਿਸ਼ ਕਰਨੀ ਚਾਹੀ...

"ਗੋਵਿੰਦ ਛੱਡਦੇ।"

"ਠੀਕ ਆ ਛੱਡ ਦੇਂਦਾ। ਜੇ ਤੂੰ ਚਾਹੁੰਦੀ ਆ ਤਾਂ ਮੈਂ ਛੱਡ ਦੇਂਦਾ ਹਾਂ। ਪਰ ਕੀ ਤੂੰ ਚਾਹੁੰਦੀ ਏ ਕਿ ਮੈਂ ਛੱਡਾਂ?"

ਮੈਨੂੰ ਸਮਝ ਨਾ ਆਈ ਮੈਂ ਕੀ ਜੁਆਬ ਦੇਵਾਂ। ਮੇਰੀ ਸੁਰਤ ਰੁਕ ਗਈ। ਮੇਰੇ ਕੋਲ ਕਹਿਣ ਲਈ ਕੁਝ ਨਹੀਂ ਸੀ ਬਚਿਆ। ਕੀ ਮੈਂ ਸੱਚੀ ਚਾਹੁੰਦੀ ਹਾਂ ਕਿ ਉਹ ਮੇਰੇ ਤੋਂ ਵੱਖ ਹੋਵੇ ਜਾਂ ਫਿਰ ਜਿਵੇਂ ਇੱਕ ਔਰਤ ਸ਼ੁਰਵਾਤੀ ਸਬੰਧਾਂ ਵੇਲੇ ਨਖਰੇ ਕਰਦੀ ਏ ਮੈਂ ਵੀ ਬਸ ਦਿਖਾਵੇ ਦੇ ਨਖਰੇ ਕਰ ਰਹੀ ਸੀ। ਹਾਂ ਔਰਤ ਦਾ ਤਾਂ ਇਹ ਸ਼ੁਰੂ ਤੋਂ ਹੀ ਸੁਭਾਅ ਰਿਹਾ ਏ ਕਿ ਉਹ ਜਿਸ ਚੀਜ਼ ਨੂੰ ਹਾਂਸਲ ਕਰਨਾ ਚਾਹੇ ਉਸ ਲਈ ਨਖਰੇ ਤਾਂ ਜਰੂਰ ਕਰਦੀ ਹੈ। ਤੇ ਕਿਸੇ ਮਰਦ ਦਾ ਉਸਨੂੰ ਛੂੰਹਨਾ ਸਭ ਕਾਰਜਾਂ ਵਿੱਚੋਂ ਵਧੇਰੇ ਚਾਹਤ ਵਾਲਾ ਕਾਰਜ ਹੁੰਦਾ ਹੈ। ਬਸ ਸ਼ਰਤੀਆ ਇਹ ਕਿ ਮਰਦ ਉਸਦੀ ਮਰਜੀ ਦਾ ਹੋਵੇ। ਉਸ ਵਕਤ ਵੀ ਗੋਵਿੰਦ ਇੱਕ ਮਰਦ, ਮੇਰੀ ਮਰਜੀ ਵਾਲਾ ਮਰਦ, ਮੇਰੀ ਚਾਹਤ ਵਾਲਾ ਮਰਦ ਮੈਨੂੰ ਛੂੰਹਦਾ ਹੋਇਆ ਮੇਰੇ ਬਦਨ ਵਿੱਚ ਇੱਕ ਮਦਹੋਸ਼ ਕਰਨ ਵਾਲੀ ਸਨਸਨੀ ਜਿਹੀ ਫੈਲਾ ਰਹਾ ਸੀ। ਮੈਂ ਨਹੀਂ ਸੀ ਰੋਕ ਸਕਦੀ ਉਸਨੂੰ। ਮੈਂ ਰੋਕਣਾ ਚਾਹੁੰਦੀ ਹੀ ਨਹੀਂ ਸੀ।

ਮੈਂ ਕੋਈ ਜੁਆਬ ਨਾ ਦਿੱਤਾ ਤਾਂ ਉਸਨੇ ਇਸ ਵਿੱਚ ਮੇਰੀ ਮਰਜੀ ਸਮਝੀ। ਉਹ ਹੋਰ ਅੱਗੇ ਵਧਿਆ ਮੇਰੀਆਂ ਨਜ਼ਰਾਂ ਉਸਦੀਆਂ ਨਜ਼ਰਾਂ ਵਿੱਚ ਸਨ। ਉਹ ਸਿਰ ਝੁਕਾ ਮੈਨੂੰ ਘੂਰ ਰਿਹਾ ਸੀ। ਮੇਰੀ ਧੜਕਣ ਜਿਵੇਂ ਤੇਜ ਰਫਤਾਰ ਵਾਲੀ ਗੱਡੀ ਦੀ ਤਰ੍ਹਾਂ ਭੱਜ ਰਹੀ ਹੋਵੇ। ਜਿਸਦੇ ਰੁਕਣ ਦੀ ਕੋਈ ਆਸ ਨਾ ਹੋਵੇ। ਜਿਸਦੀਆਂ ਬਰੇਕਾਂ ਫੇਲ੍ਹ ਹੋ ਗਈਆਂ ਹੋਣ।

ਸਭ ਪਾਸੇ ਚੁੱਪ ਪਸਰੀ ਪਈ ਜਾਪ ਰਹੀ ਸੀ। ਮੈਨੂੰ ਬਸ ਮੇਰੀ ਤੇ ਗੋਵਿੰਦ ਦੀ ਧੜਕਣ ਹੀ ਸੁਣਾਈ ਦੇ ਰਹੀ ਸੀ। ਉਸਦੀ ਧੜਕਣ ਮੇਰੀ ਧੜਕਣ ਤੋਂ ਵਧੇਰੇ ਰਫਤਾਰ ਵਿੱਚ ਜਾਪੀ। “ਕੀ ਉਹ ਵੀ ਸਹਿਮਿਆ ਹੋਇਆ ਏ?” ਮੇਰੇ ਮਨ ਵਿੱਚ ਸਵਾਲ ਆਇਆ। “ਕੀ ਮਰਦ ਵੀ ਕਿਸੇ ਔਰਤ ਦੇ ਨੇੜੇ ਹੋਣ ਵੇਲੇ ਸਹਿਮ ਜਾਂਦੇ ਨੇ? ਮੈਨੂੰ ਤਾਂ ਨਹੀਂ ਲੱਗਦਾ। ਮਰਦ ਵਿੱਚ ਤਾਂ ਹਮੇਸ਼ਾ ਹੀ ਔਰਤ ਦੇ ਜਿਸਮ ਨੂੰ ਛੂੰਹਣ ਦੀ ਲਾਲਸਾ ਰਹਿੰਦੀ ਏ। ਫਿਰ ਉਸਦਾ ਸਹਿਮ ਜਾਣਾ ਮੈਨੂੰ ਤਾਂ ਵਾਜਿਬ ਨਹੀਂ ਲੱਗਦਾ। ਪਰ ਇਹ ਕਿਸ ਹੱਦ ਤੱਕ ਸੱਚ ਏ? ਨਹੀਂ ਮੈਂ ਕੁਝ ਨਹੀਂ ਆਖ ਸਕਦੀ। ਮਰਦ ਵੀ ਇਨਸਾਨ ਈ ਨੇ। ਔਰਤ ਮਰਦ ਵਿੱਚ ਅੰਗਾਂ ਦਾ ਜਰੂਰ ਵੱਖਰੇਵਾਂ ਹੋ ਸਕਦਾ ਏ ਪਰ ਭਾਵਨਾਵਾਂ ਦਾ ਵੱਖਰੇਵਾਂ ਨਹੀਂ ਹੋ ਸਕਦਾ। ਜੋ ਔਰਤ ਅਨੁਭਵ ਕਰਦੀ ਹੈ ਮਰਦ ਵੀ ਉਹੀ ਮਹਿਸੂਸ ਕਰਦੇ ਨੇ।” ਮੈਂ ਸੋਚੀਂ ਪਈ ਹੋਈ ਸੀ। ਧੜਕਣਾਂ ਦੀ ਆਵਾਜ਼ ਇੱਕ ਦੂਜੀ ਆਵਾਜ਼ ਨਾਲ ਖਹਿ ਰਹੀਆਂ ਸਨ। ਜਿਵੇਂ ਸਾਡੇ ਜਿਸਮ ਖਹਿ ਰਹੇ ਸਨ। ਉਸਨੇ ਮੇਰੀਆਂ ਨਜ਼ਰਾਂ ਵਿੱਚ ਤੱਕਦੇ ਆਪਣੇ ਲਬਾਂ ਨੂੰ ਮੇਰੇ ਲਬਾਂ ਤੇ ਰੱਖ ਦਿੱਤਾ। ਉਸਦੇ ਚੁੰਮਣ ਨੇ ਮੈਨੂੰ ਹੋਰ ਪਾਲੇ ਨਾਲ ਭਰ ਦਿੱਤਾ। ਉਹ ਮੈਨੂੰ ਮੇਰੀ ਕਮਰ ਤੋਂ ਫੜ੍ਹ ਹੋਰ ਆਪਣੀ ਤਰਫ ਖਿੱਚਦਾ ਹੀ ਜਾ ਰਿਹਾ ਸੀ। ਮੈਂ ਸਹਿਮੀ ਹੀ ਇੱਕ ਦਮ ਠੰਡੀ ਪਈ ਹੋਈ ਸੀ। ਪਰ ਮੈਨੂੰ ਉਸਦੀਆਂ ਗਰਮ ਆਹਾਂ ਮਹਿਸੂਸ ਹੋ ਰਹੀਆਂ ਸਨ। ਉਸਨੇ ਮੈਨੂੰ ਆਪਣੀ ਤਰਫ ਖਿੱਚਿਆ ਤਾਂ ਮੈਂ ਹੋਰ ਮਚਲਣ ਲੱਗੀ। ਮੈਂ ਪੂਰੀ ਤਰ੍ਹਾਂ ਮਦਹੋਸ਼ ਹੋਈ ਪਈ ਸੀ।

ਅਚਾਨਕ ਮੈਂ ਗੌਰ ਕੀਤਾ ਤਾਂ ਮੇਰੇ ਕਮਰੇ ਦਾ ਬੂਹਾ ਜੋਰ ਜੋਰ ਨਾਲ ਖੜਕ ਰਿਹਾ ਸੀ। ਬਹੁਤ ਹੀ ਜੋਰ ਨਾਲ। ਮੈਨੂੰ ਜਿਉਂ ਹੀ ਆਵਾਜ਼ ਸੁਣਾਈ ਦਿੱਤੀ। ਮੈਂ ਹੋਰ ਸਹਿਮ ਗਈ। ਮੈਂ ਕਾਹਲੀ ਨਾਲ ਗੋਵਿੰਦ ਤੋਂ ਵੱਖ ਹੋਈ। ਗੋਵਿੰਦ ਨੂੰ ਵੀ ਬੂਹੇ ਦੇ ਖੜਕਣ ਦੀ ਆਵਾਜ਼ ਸੁਣਾਈ ਦਿੱਤੀ। ਅਸੀਂ ਇੱਕ ਦੂਜੇ ਤੋਂ ਅਲੱਗ ਹੋ ਖੜ੍ਹ ਗਏ। ਫਿਰ ਤੋਂ ਜੋਰ ਨਾਲ ਬੂਹਾ ਖੜਕਿਆ ਤੇ ਬਾਹਰੋਂ ਆਵਾਜ਼ ਆਈ...

"ਪ੍ਰੀਤਾ....."

ਇਹ ਤਾਂ ਮੇਰੀ ਮੰਮੀ ਦੀ ਆਵਾਜ਼ ਸੀ। ਮੈਂ ਡਰ ਨਾਲ ਹੋਰ ਕੰਬਣ ਲੱਗੀ। ਲੱਗਦਾ ਉਹਨਾਂ ਨੂੰ ਖਬਰ ਹੋ ਗਈ ਕਿ ਗੋਵਿੰਦ ਅੰਦਰ ਹੈ। ਮੈਨੂੰ ਸਮਝ ਨਾ ਆਵੇ ਕੀ ਕਰਾਂ? ਫਿਰ ਤੋਂ ਬੂਹਾ ਖੜਕਿਆ ਤੇ ਮੰਮੀ ਨੇ ਆਵਾਜ਼ ਲਾਈ..

"ਪ੍ਰੀਤਾ.."

ਮੈਂ ਡਰੀ ਹੋਈ ਧੀਮੀ ਜਿਹੀ ਆਵਾਜ਼ ਵਿੱਚ ਬੋਲੀ...

"ਹਾਏ ਪੈ ਗਿਆ ਸਿਆਪਾ। ਇਹੀ ਚਾਹੁੰਦਾ ਸੀ ਨਾ ਤੂੰ? ਲੈ ਹੋ ਗਈ ਰੀਝ ਪੂਰੀ ਤੇਰੀ।"

"ਕੁਝ ਨਹੀਂ ਹੁੰਦਾ, ਤੂੰ ਡਰ ਨਾ ਬੂਹਾ ਖੋਲ੍ਹ। ਮੈਂ ਉਹ ਬਾਥਰੂਮ ਵਿੱਚ ਚਲਾ ਜਾਂਦਾ। ਮੰਮੀ ਆਵੂ ਤਾਂ ਕਹੀ ਸੁੱਤੀ ਪਈ ਸੁਪਨੇ 'ਚ ਬੋਲ ਰਹੀ ਸੀ।"

"ਆਹੋ ਜਿੱਦਾ ਮੰਮੀ ਨੇ ਮੰਨ ਹੀ ਲੈਣਾ ਹੁੰਦਾ। ਮਾਂ ਵਾ ਉਹ ਸਾਡੀ। ਉਹ ਜੰਮਦੀ ਮਾਂ ਨਹੀਂ ਬਣੀ। ਜਵਾਨੀ ਕੱਟ ਕੇ ਹੀ ਬਣੀ ਆ। ਇਸ ਲਈ ਉਹਨਾਂ ਨੂੰ ਬੇਫਕੂਫ ਸਮਝਣ ਦੀ ਗਲਤੀ ਨਾ ਕਰਨਾ ਕਦੇ।"

"ਠੀਕ ਆ ਫਿਰ ਜੋ ਤੂੰ ਕਹਿਣਾ ਕਹਿ ਦੇਵੀਂ। ਮੈ ਖੜਿਆ ਰਹਿੰਦਾ।"

ਫਿਰ ਤੋਂ ਬੂਹਾ ਖੜਕਿਆ ਤੇ ਆਵਾਜ਼ ਆਈ..

"ਪ੍ਰੀਤਾ.. ਬੂਹਾ ਖੋਲ੍ਹ।"

ਮੈਂ ਗੋਵਿੰਦ ਤੇ ਹੋਰ ਗੁੱਸਾ ਹੋ ਗਈ। ਮੈਂ ਉਸਨੂੰ ਕਿਹਾ..

"ਜਾ ਜਲਦੀ ਜਾ ਬਾਥਰੂਮ ਵਿੱਚ। ਮੈਂ ਖੋਲ੍ਹਦੀ ਆ ਬੂਹਾ।"

ਉਹ ਮੇਰੇ ਕਮਰੇ ਦੇ ਅੰਦਰ ਹੀ ਬਣੇ ਬਾਥਰੂਮ ਵਿੱਚ ਚਲਾ ਗਿਆ। ਮੈਂ ਆਪਣੇ ਕੱਪੜੇ ਠੀਕ ਕੀਤੇ ਤੇ ਇੰਝ ਦਿਖਾਵਾ ਕੀਤਾ ਜਿਵੇਂ ਸੁੱਤੀ ਉੱਠੀ ਹੋਵਾਂ। ਮੈਂ ਬੂਹੇ ਦੀ ਕੁੰਡੀ ਖੋਲੀ ਤੇ ਝੂਠੀ ਆਕੜ ਤੇ ਉਬਾਸੀ ਲੈਂਦੇ ਹੋਏ ਬੋਲੀ..

"ਕੀ ਹੋਇਆ ਵਾ? ਏਨੀ ਰਾਤ ਨੂੰ ਕਿਉਂ ਬੂਹਾ ਖੜਕਾਈ ਜਾਂਦੇ?"

"ਕੌਣ ਸੀ ਅੰਦਰ?"

"ਅੰਦਰ? ਅੰਦਰ ਕਿੰਨੇ ਆਉਣਾ? ਮੈਂ ਤਾਂ ਕੁੰਡੀ ਲਾ ਸੁੱਤੀ ਪਈ ਸੀ।"

"ਅੱਛਾ ਫਿਰ ਆਵਾਜ਼ਾਂ ਕਿਸਦੀਆਂ ਆ ਰਹੀਆਂ ਸਨ?"

"ਉਂਝ ਹੀ ਲੱਗਦਾ ਮੰਮੀ ਤੁਹਾਨੂੰ। ਮੈਂ ਹੀ ਨੀਂਦ 'ਚ ਬੋਲਣ ਡਈ ਹੋਣੀ ਆ। ਤੁਹਾਨੂੰ ਪਤਾ ਤਾਂ ਹੈ ਮੈਨੂੰ ਨੀਂਦ 'ਚ ਬੁੜ-ਬੁੜਾਉਣ ਦੀ ਆਦਤ ਆ।"

"ਅੱਛਾ ਮੈਨੂੰ ਤਾਂ ਨੀ ਪਤਾ, ਤੈਨੂੰ ਇਹ ਆਦਤ ਕਦੋਂ ਪਈ?"

"ਲੈ ਦੱਸ। ਫਿਰ ਕਿੰਨੇ ਹੋਣਾ ਅੰਦਰ? ਲਵੋ ਦੇਖ ਲਵੋ ਤੁਸੀਂ ਆਪੇ ਸਾਰਾ ਕਮਰਾ। ਦਿਖਦਾ ਕੋਈ ਤੁਹਾਨੂੰ?"

ਮੰਮੀ ਨੇ ਨਜ਼ਰ ਘੁੰਮਾ ਦੇਖਿਆ। ਪਰ ਕੁਝ ਨਾ ਨਜ਼ਰ ਆਇਆ। ਮੈਂ ਡਰੀ ਹੋਈ ਸੀ ਕਿਧਰੇ ਬਾਥਰੂਮ ਵਿੱਚ ਨਾ ਦੇਖਣ ਚਲੇ ਜਾਣ। ਪਰ ਉਹ ਨਹੀਂ ਗਏ।

ਮੰਮੀ ਮੈਨੂੰ ਸਮਝਾਉਂਦੇ ਬੋਲੇ...

"ਸੌਂ ਜਾਇਆ ਕਰ ਵੇਲੇ ਨਾਲ।"

"ਸੁੱਤੀ ਸੀ ਮੈਂ ਤਾਂ। ਤੁਹਾਨੂੰ ਪਤਾ ਨਹੀਂ ਕਿਉਂ ਐਵੇਂ ਲੱਗੀ ਜਾਂਦਾ।"

"ਮੈਨੂੰ ਨਾ ਦੱਸ। ਮਾਂ ਵਾਂ ਤੇਰੀ ਮੈਂ। ਜੋ ਤੇਰੇ ਦਿਲ 'ਚ ਆ ਮੇਰੇ ਨਹੁੰਆਂ ਤੇ ਨੇ।"

"ਠੀਕ ਆ ਮੇਰੀ ਮਾਂ। ਜਾਵੋ ਹੁਣ ਸੌਣ ਦਿਉ ਮੈਨੂੰ।"

ਮੈਂ ਜਬਰੀ ਮੰਮੀ ਨੂੰ ਕਮਰੇ ਤੋਂ ਬਾਹਰ ਕੱਢਿਆ ਤੇ ਕਾਹਲੀ ਨਾਲ ਕੁੰਡੀ ਲਾਈ। ਮੇਰੀ ਜਿਵੇਂ ਜਾਨ ਵਿੱਚ ਜਾਨ ਪੈ ਗਈ ਹੋਵੇ। ਪਹਿਲੀ ਵਾਰ ਮੈਂ ਆਪਣੀ ਮਾਂ ਦੀਆਂ ਅੱਖਾਂ ਵਿੱਚ ਘੱਟਾ ਪਾਇਆ ਸੀ। ਮੈਂ ਏਨੀ ਡਰੀ ਹੋਈ ਸੀ ਕਿ ਅਗਰ ਮੰਮੀ ਦੋ ਪਲ ਵੀ ਹੋਰ ਕਮਰੇ ਵਿੱਚ ਰੁਕ ਜਾਂਦੀ ਤਾਂ ਮੈਂ ਸਭ ਉਗਲ ਦੇਣਾ ਸੀ। ਗੋਵਿੰਦ ਇਹ ਸਭ ਦੇਖ ਰਿਹਾ ਸੀ। ਜਿਉਂ ਹੀ ਮੰਮੀ ਕਮਰੇ 'ਚੋਂ ਬਾਹਰ ਹੋਈ। ਉਹ ਬਾਥਰੂਮ ਵਿੱਚੋਂ ਬਾਹਰ ਨਿਕਲਿਆ। ਮੇਰੇ ਕੋਲ ਆਇਆ ਤੇ ਬੋਲਿਆ...

"ਦੇਖਲਾ ਐਵੇਂ ਡਰੀ ਜਾਂਦੀ ਸੀ ਤੂੰ। ਕੁਝ ਨਹੀਂ ਪਤਾ ਲੱਗਾ ਮੰਮੀ ਨੂੰ।"

"ਤੈਨੂੰ ਲੱਗਦਾ ਇਹ ਕਿ ਮੰਮੀ ਨੂੰ ਕੁਝ ਪਤਾ ਨਹੀਂ ਲੱਗਾ। ਪਰ ਮੰਮੀ ਨੂੰ ਸਭ ਪਤਾ ਏ। ਬਸ ਉਹਨਾਂ ਮੇਰੀ ਪੋਲ ਨਹੀਂ ਖੋਲੀ। ਪਤਾ ਸਭ ਆ ਉਹਨਾਂ ਨੂੰ ਕਿ ਤੂੰ ਮੇਰੇ ਨਾਲ ਮੇਰੇ ਕਮਰੇ 'ਚ ਏ।"

"ਤੂੰ ਸੋਚਦੀ ਬਹੁਤ ਏ।"

"ਸੋਚਣਾ ਪੈਂਦਾ ਯਾਰ। ਮੈਂ ਇੱਕ ਕੁੜੀ ਆ। ਮੇਰੀ ਨਿੱਕੀ ਜਿਹੀ ਗਲਤੀ ਵੀ ਮੇਰੀ ਜ਼ਿੰਦਗੀ ਖਰਾਬ ਕਰ ਸਕਦੀ ਏ।"

"ਨਹੀਂ ਹੋਣ ਦੇਂਦਾ ਮੈਂ ਤੇਰੀ ਜ਼ਿੰਦਗੀ ਖਰਾਬ। ਤੂੰ ਯਕੀਨ ਰੱਖ ਮੇਰੇ ਤੇ।"

ਇਹ ਆਖਦੇ ਉਸਨੇ ਮੈਨੂੰ ਆਪਣੀ ਤਰਫ ਖਿੱਚਿਆ ਤੇ ਗਲ ਨਾਲ ਲਾਉਣ ਦੀ ਕੋਸ਼ਿਸ਼ ਕੀਤੀ। ਪਰ ਮੈਂ ਅੱਗੇ ਹੱਥ ਕਰ ਰੋਕਦੇ ਹੋਏ ਕਿਹਾ...

"ਬਸ ਗੋਵਿੰਦ ਬਹੁਤ ਹੋ ਗਿਆ ਹੁਣ। ਜਾਹ ਹੁਣ ਤੂੰ ਆਪਾਂ ਸਵੇਰੇ ਕਰਦੇ ਗੱਲ।"

"ਪ੍ਰੀਤਾ ਤੂੰ ਡਰ ਨਾ ਕੁਝ ਗਲਤ ਨਹੀਂ ਕਰ ਰਹੇ ਆਪਾਂ।"

"ਗਲਤ ਹੋਵੇ ਭਾਵੇਂ ਸਹੀ ਹੋਵੇ। ਬਸ ਮੈਂ ਹੋਰ ਨਹੀਂ ਇਹ ਸਭ ਕਰਨਾ ਚਾਹੁੰਦੀ। ਤੂੰ ਜਾ ਏਥੋਂ। ਆਪਾਂ ਸਵੇਰੇ ਗੱਲ ਕਰਾਂਗੇ।"

ਉਸਨੇ ਮੈਨੂੰ ਫਿਰ ਤੋਂ ਕਮਰ ਫੜ ਆਪਣੇ ਵੱਲ ਖਿੱਚਿਆ। ਤਾਂ ਮੈਂ ਖਿਝ ਕੇ ਬੋਲੀ...

"ਗੋਵਿੰਦ ਤੂੰ ਚਾਹੁੰਦਾ ਏ ਕਿ ਮੈਂ ਕਦੇ ਵੀ ਤੇਰੇ ਨਾਲ ਗੱਲ ਨਾ ਕਰਾਂ? ਜੇ ਚਾਹੁੰਦਾ ਕਿ ਮੈਂ ਜਿਵੇਂ ਹਾਂ ਉਵੇਂ ਰਹਾਂ ਤਾਂ ਚਲਾ ਜਾਹ ਆਪਣੇ ਘਰ।"

"ਠੀਕ ਆ ਜਿਵੇਂ ਤੇਰੀ ਮਰਜੀ।"

ਉਸਨੇ ਮੈਨੂੰ ਛੱਡਿਆ ਤੇ ਬੂਹੇ ਦੀ ਕੁੰਡੀ ਖੋਲ੍ਹ ਬਾਹਰ ਝਾਤੀ ਮਾਰ ਕਮਰੇ ਤੋਂ ਬਾਹਰ ਹੋ ਪੌੜੀਆਂ ਚੜ੍ਹ ਛੱਤ ਨੂੰ ਚਲਾ ਗਿਆ। ਮੈਂ ਉਸਨੂੰ ਦੇਖਦੀ ਰਹੀ ਜਦ ਤੱਕ ਉਹ ਨਜ਼ਰ ਆਇਆ। ਜਿਉਂ ਹੀ ਉਹ ਅੱਖਾਂ ਤੋਂ ਓਹਲੇ ਹੋਇਆ। ਮੈਂ ਬੂਹਾ ਬੰਦ ਕੀਤਾ ਤੇ ਘੇਸ ਵੱਟ ਲੰਮੇ ਪੈ ਗਈ। ਮੇਰੀਆਂ ਨਜ਼ਰਾਂ ਸਾਹਮਣੇ ਉਹਦਾ ਚਿਹਰਾ ਘੁੰਮ ਰਿਹਾ ਸੀ। ਮੇਰੀਆਂ ਅੱਖੀਆਂ ਵਿੱਚੋਂ ਪਾਣੀ ਵਗਣ ਲੱਗ ਪਿਆ। ਪਤਾ ਨਹੀਂ ਕਿਉਂ ਮੈਂ ਅੰਦਰੋਂ ਇੱਕ ਦਮ ਭਰ ਗਈ ਸੀ। ਮੈਂ

ਸੌਣ ਦੀ ਕੋਸ਼ਿਸ਼ ਕਰਨ ਲੱਗੀ। ਮੈਂ ਫੂਨ ਚੁੱਕਿਆ ਤੇ ਕੰਨਾਂ ਵਿੱਚ ਹੈੱਡਫੂਨ ਲਗਾ ਜੋ ਸਭ ਤੋਂ ਪਹਿਲਾਂ ਗਾਣਾ ਸਾਹਮਣੇ ਆਇਆ ਉਹੀ ਲਾ ਲਿਆ। ਪਹਿਲਾ ਹੀ ਗਾਣਾ ਨੁਸਰਤ ਫਤਹਿ ਅਲੀ ਖਾਨ ਸਾਹਬ ਦਾ "ਜਾਨੀ ਦੂਰ ਗਏ" ਲੱਗ ਗਿਆ। ਮੈਂ ਪੂਰੀ ਆਵਾਜ਼ ਕਰ ਗਾਣਾ ਸੁਣਨ ਲੱਗੀ। ਜਿਉਂ-ਜਿਉਂ ਗਾਣਾ ਅੱਗੇ ਵੱਧ ਰਿਹਾ ਸੀ ਮੇਰੀਆਂ ਅੱਖੀਆਂ ਦਾ ਪਾਣੀ ਵੀ ਵੱਧਦਾ ਜਾਂਦਾ ਸੀ। ਮੈਂ ਆਪਣੇ ਹੱਥਾਂ ਨਾਲ ਕਈ ਵਾਰ ਆਪਣੇ ਅੱਥਰੂ ਪੂੰਝੇ ਪਰ ਕੁਝ ਪਲਾਂ ਪਿੱਛੋਂ ਫਿਰ ਤੋਂ ਚਿਹਰਾ ਅੱਥਰੂਆਂ ਨਾਲ ਭਰ ਜਾਂਦਾ ਸੀ। ਕੁਝ ਪਲਾਂ ਪਿੱਛੋਂ ਰੋਂਦੇ, ਗਾਣਾ ਸੁਣਦੇ ਪਤਾ ਹੀ ਨਾ ਲੱਗਦਾ ਕਦ ਨੀਂਦ ਆ ਗਈ।

ਸਵੇਰ ਦੀ ਕਰੀਬ ਸਾਢੇ ਨੌਂ ਵਜੇ ਮੇਰੀ ਅੱਖ ਖੁੱਲ੍ਹੀ। ਮੈਂ ਉੱਠਦੇ ਸਾਰ ਹੀ ਵਕਤ ਵੇਖਿਆ ਤਾਂ ਕਾਹਲੀ ਨਾਲ ਨਹਾਉਣ ਚਲੀ ਗਈ। ਜਿਉਂ ਹੀ ਨਹਾ ਬਾਹਰ ਨਿਕਲੀ ਤਾਂ ਸਿਰ ਸਵਾਰ ਰਸੋਈ ਵੱਲ ਨੂੰ ਕੁਝ ਖਾਣ ਲਈ ਗਈ। ਢਿੱਡ ਪੂਰੀ ਤਰ੍ਹਾਂ ਖਾਲੀ ਸੀ ਮੇਰਾ। ਬਹੁਤ ਹੀ ਭੁੱਖ ਲੱਗੀ ਹੋਈ ਸੀ। ਮੈਂ ਰਸੋਈ ਵਿੱਚ ਗਈ ਤਾਂ ਦੇਖਿਆ ਮੰਮੀ ਪਹਿਲਾਂ ਹੀ ਰਸੋਈ ਵਿੱਚ ਸਨ। ਮੈਨੂੰ ਦੇਖਦੇ ਹੀ ਮੰਮੀ ਬੋਲੀ....

"ਕੀ ਗੱਲ, ਕਿਤੇ ਚੱਲੀ ਏ?"

"ਕਾਲਜ ਈ ਚੱਲੀ ਹੋਰ ਕਿੱਥੇ ਜਾਣਾ।"

"ਕਾਲਜ? ਕਿਉਂ ਅੱਜ ਕੀ ਖਾਸ ਆ ਕਾਲਜ?"

"ਖਾਸ ਕੀ ਹੋਣਾ?"

"ਖਾਸ ਈ ਹੋਵੇਗਾ ਜੋ ਐਤਵਾਰ ਵੀ ਜਾਣਾ ਪੈ ਰਿਆ।"

"ਐਤਵਾਰ? ਅੱਜ ਐਤਵਾਰ ਆ?"

"ਤਦੇ ਮੈਂ ਕਹਿੰਦੀ ਵੇਲੇ ਨਾਲ ਸੌਂਇਆ ਕਰ। ਦਿਨਾਂ ਦਾ ਵੀ ਚੇਤਾ ਨਹੀਂ ਰਹਿੰਦਾ, ਕਿ ਕੀ ਵਾਰ ਆ। ਆਹ ਵੇਖ ਅੱਖਾਂ ਵੀ ਕਿੰਝ ਸੁੱਜੀਆਂ ਪਈਆਂ ਤੇਰੀਆਂ।"

ਮੈਂ ਮੱਥੇ ਉੱਤੇ ਦੋਹੱਥੜ ਮਾਰੀ ਕਿ ਅੱਜ ਤਾਂ ਐਤਵਾਰ ਆ। ਮੈਨੂੰ ਐਵੇਂ ਭਉਂਚਲੀ ਪਈ ਹੋਈ ਸੀ। ਮੈਨੂੰ ਸੁੱਖ ਦਾ ਸਾਹ ਆਇਆ। ਮੈਂ ਮੰਮੀ ਨੂੰ ਕਿਹਾ..

"ਬਣਾਇਆ ਕੁਝ ਖਾਣ ਲਈ ਮੈਨੂੰ ਭੁੱਖ ਬੜੀ ਲੱਗੀ ਆ।"

"ਹਾਂ ਬੈਠਜਾ ਦੇਂਦੀ ਆ। ਸੇਵੀਆਂ ਬਣਾਈਆਂ ਦੁੱਧ 'ਚ।"

ਮੈਂ ਜਾ ਡਰਾਇੰਗ ਰੂਮ ਵਿੱਚ ਬੈਠ ਗਈ ਜਿੱਥੇ ਟੀ.ਵੀ ਲੱਗਾ ਹੋਇਆ ਸੀ। ਮੈਂ ਪੰਜਾਬੀ ਚੈਨਲ ਲਾ ਲਿਆ। ਗਾਣੇ ਚੱਲ ਰਹੇ ਸਨ। ਮੈਂ ਆਪਣਾ ਫੂਨ ਫੜਿਆ ਤੇ ਗੋਵਿੰਦ ਦੇ ਭੇਜੇ ਰਾਤ ਵਾਲੇ ਮੈਸਜ ਫਿਰ ਤੋਂ ਪੜ੍ਹਨ ਲੱਗੀ? ਮੇਰਾ ਧਿਆਨ ਗੋਵਿੰਦ ਵੱਲ ਹੋ ਗਿਆ। ਰਾਤ ਜੋ ਵੀ ਹੋਇਆ ਸਭ ਮੇਰੇ ਦਿਮਾਗ ਵਿੱਚ ਘੁੰਮ ਰਿਹਾ ਸੀ। ਮੈਂ ਇਨਸਟਾਗ੍ਰਾਮ ਖੋਲ੍ਹ ਲਿਆ ਤਾਂ ਅਦਿੱਤੀ ਦੀ ਪਈ ਸਟੋਰੀ ਦੇਖਣ ਲੱਗੀ। ਮੈਨੂੰ ਅਦਿੱਤੀ ਦਾ ਮਾਸੂਮ ਚਿਹਰਾ ਦੇਖ ਬੜਾ ਹੀ ਤਰਸ ਆਇਆ ਕਿ "ਮੈਂ ਕਿਵੇਂ ਇਸ ਮਾਸੂਮ ਨਾਲ ਗਲਤ ਕਰ ਸਕਦੀ ਹਾਂ। ਜਿਸਨੇ ਇਹ ਜਾਣਦੇ ਹੋਏ ਵੀ ਕਿ ਗੋਵਿੰਦ ਮੈਨੂੰ ਪਿਆਰ ਕਰਦਾ ਏ। ਫਿਰ ਵੀ ਗੋਵਿੰਦ ਨੂੰ ਸਹਾਰਾ ਦਿੱਤਾ ਤੇ ਮੇਰੀ ਖਾਤਰ ਕੁਰਬਾਨੀ ਦੇ ਦਿੱਤੀ। ਨਾ ਇਹ ਤਾਂ ਬਹੁਤ ਗਲਤ ਹੈ। ਮੈਂ ਇੰਝ ਨਹੀਂ ਕਰ ਸਕਦੀ।" ਮੈਂ ਇਸ ਬਾਰੇ ਅਦਿੱਤੀ ਨਾਲ ਗੱਲ ਕਰਨੀ ਠੀਕ ਸਮਝੀ। "ਪਰ ਉਸ ਨਾਲ ਗੱਲ ਕਰਾਂ ਕਿਵੇਂ? ਕੀ ਉਹ ਮੇਰੇ ਨਾਲ ਗੱਲ ਕਰੇਗੀ? ਨਹੀਂ-ਨਹੀਂ ਉਹ ਕਦੇ ਵੀ ਮੇਰੇ ਕਹਿਣ ਤੇ ਗੋਵਿੰਦ ਨਾਲ ਰਿਸ਼ਤਾ ਨਹੀਂ ਰੱਖੇਗੀ। ਨਾ ਹੀ ਗੋਵਿੰਦ ਇੰਝ ਕਰੇਗਾ।" ਮੈਂ ਸੋਚ ਹੀ ਰਹੀ ਸੀ ਕਿ ਮੰਮੀ ਸੇਵੀਆਂ ਪਾ ਲੈ ਆਏ। ਉਹ ਵੀ ਕੋਲ ਬੈਠ ਖਾਣ ਲੱਗੇ। ਮੈਂ ਖਾਂਦੀ-ਖਾਂਦੀ ਕਈ ਤਰ੍ਹਾਂ ਦੀਆਂ ਸੋਚਾਂ ਮਨ ਵਿੱਚ ਲਿਆ ਰਹੀ ਸੀ ਤਾਂ ਮੰਮੀ ਬੋਲੀ..

"ਪ੍ਰੀਤਾ ਜੇ ਗੋਵਿੰਦ ਤੈਨੂੰ ਪਸੰਦ ਏ ਤਾਂ ਪੁੱਤ ਮੈਂ ਤੇਰੇ ਪਾਪਾ ਨਾਲ ਤੇ ਗੋਵਿੰਦ ਦੀ ਮੰਮੀ ਨਾਲ ਗੱਲ ਕਰਾਂ।"

ਮੈਂ ਹੈਰਾਨ ਹੋ ਗਈ ਮੰਮੀ ਇਹ ਕੀ ਪੁੱਛੀ ਜਾਂਦੇ। ਮੰਮੀ ਨੂੰ ਕਿੰਝ ਪਤਾ ਲੱਗਾ ਸਾਡੇ ਬਾਰੇ। ਜਰੂਰ ਰਾਤ ਮੰਮੀ ਨੇ ਗੋਵਿੰਦ ਨੂੰ ਕਮਰੇ ਵਿੱਚ ਦੇਖਿਆ ਹੋਵੇਗਾ। ਤਦੇ ਇਹ ਸਵਾਲ ਕੀਤਾ। ਮੈਨੂੰ ਸਮਝ ਨਾ ਆਈ ਕੀ ਜੁਆਬ ਦਿਆਂ। ਮੈਂ ਗੱਲ ਨੂੰ ਟਾਲਦੇ ਹੋਏ ਕਿਹਾ।

"ਨਹੀਂ ਨਹੀਂ ਮੰਮੀ ਏਦਾਂ ਦੀ ਕੋਈ ਗੱਲ ਨਹੀਂ। ਤੁਹਾਨੂੰ ਪਤਾ ਤਾਂ ਹੈ ਅਸੀਂ ਬਸ ਦੋਸਤ ਹਾਂ। ਅਗਰ ਏਦਾਂ ਦੀ ਕੋਈ ਗੱਲ ਹੋਈ ਤਾਂ ਮੈਂ ਸਭ ਤੋਂ ਪਹਿਲਾਂ ਤੁਹਾਨੂੰ ਹੀ ਦੱਸਾਂਗੀ।"

"ਠੀਕ ਆ ਪੁੱਤ। ਦੇਖੀ ਪਰ ਧਿਆਨ ਰੱਖੀ। ਇੱਕ ਵਾਰ ਹੱਥੋਂ ਛੁੱਟੀ ਚੀਜ਼ ਦੁਬਾਰਾ ਕਦੇ ਹੱਥ ਨਹੀਂ ਆਉਂਦੀ। ਵਕਤ ਹਰ ਚੀਜ਼ ਲਈ ਆਪਾਂ ਨੂੰ ਮੌਕਾ ਦਿੰਦਾ ਹੈ। ਬਸ ਅਸੀਂ ਮੌਕੇ ਗਵਾ ਲੈਂਦੇ ਹਾਂ ਤੇ ਫਿਰ ਪਛਤਾਉਂਦੇ ਹਾਂ।"

"ਹਾਂਜੀ ਮੰਮੀ ਕੋਈ ਨਾ ਮੈਂ ਇਸ ਗੱਲ ਦਾ ਧਿਆਨ ਰੱਖੂਗੀ। ਕੋਈ ਵੀ ਇਹੋ ਜਿਹੀ ਗੱਲ ਹੋਈ ਤਾਂ ਸਭ ਤੋਂ ਪਹਿਲਾਂ ਤੁਹਾਨੂੰ ਦੱਸਾਂਗੀ।"

ਅਸੀਂ ਦੋਵੇਂ ਫਿਰ ਤੋਂ ਖਾਣ ਲੱਗੇ। ਸੱਚ ਹੀ ਆਖਦੇ ਨੇ ਸਿਆਣੇ ਮਾਂਵਾਂ ਨੂੰ ਆਪਣੇ ਬੱਚਿਆਂ ਦੀ ਖੁਸ਼ੀ ਗਮੀ ਦਾ ਸਭ ਤੋਂ ਪਹਿਲਾਂ ਪਤਾ ਹੁੰਦਾ। ਮੈਂ ਚਾਹੁੰਦੀ ਤਾਂ ਜਰੂਰ ਸੀ ਕਿ ਮੰਮੀ ਨੂੰ ਮੇਰੇ ਤੇ ਗੋਵਿੰਦ ਬਾਰੇ ਦੱਸ ਦਿਆਂ ਪਰ। ਪਰ ਡਰ ਵੀ ਸੀ। ਮੈਂ ਇਹ ਨਹੀਂ ਸੀ ਚਾਹੁੰਦੀ ਮੇਰੇ ਕਾਰਨ ਅਦਿੱਤੀ ਦਾ ਦਿਲ ਟੁੱਟ ਜਾਵੇ ਤੇ ਉਹ ਕੁਰਬਾਨੀ ਕਰ ਹੋਰ ਮਹਾਨ ਬਣ ਜਾਵੇ। ਮੈਂ ਛੇਤੀ-ਛੇਤੀ ਸੇਵੀਆਂ ਮੁਕਾਈਆਂ ਤੇ ਪਲੇਟ ਰਸੋਈ 'ਚ ਰੱਖ ਆਪਣੇ ਕਮਰੇ ਵਿੱਚ ਚਲੀ ਗਈ ਤਾਂ ਕਿ ਮੰਮੀ ਹੋਰ ਸਵਾਲ ਨਾ ਪੁੱਛ ਲਵੇ।

ਮੈਂ ਪੜ੍ਹਨ ਲੱਗੀ ਤਾਂ ਅਚਾਨਕ ਸੁਖਮਨ ਦਾ ਫੂਨ ਆ ਗਿਆ। ਮੈਂ ਫੂਨ ਚੁੱਕਿਆ ਤਾਂ ਉਸਨੇ ਹਰਿ ਮੰਦਰ ਸਾਹਿਬ ਨੂੰ ਚੱਲਣ ਲਈ ਕਿਹਾ। ਮੈਂ ਹਾਮੀ ਭਰ ਦਿੱਤੀ ਤੇ ਉਸਨੂੰ ਘਰ ਆਉਣ ਲਈ ਕਿਹਾ। ਕਰੀਬ ਅੱਧੇ ਘੰਟੇ ਪਿੱਛੋਂ ਉਹ ਸਾਡੇ ਘਰ ਆ ਗਈ। ਉਸਨੇ ਆਪਣੀ ਮੋਪਟ ਸਾਡੇ ਘਰ ਹੀ ਲਾ ਦਿੱਤੀ ਤੇ ਅਸੀਂ ਪੈਦਲ ਹੀ ਦਰਬਾਰ ਸਾਹਿਬ ਨੂੰ ਚੱਲਦੇ-ਚੱਲਦੇ ਗੱਲਾਂ ਕਰਨ ਲੱਗੇ। ਮੈਂ ਉਸਤੇ ਗੁੱਸਾ ਕਰਦੇ ਹੋਈ ਬੋਲੀ...

"ਪਹਿਲਾਂ ਦੱਸ ਕੀ ਬਿਮਾਰੀ ਸੀ ਜੋ ਤੂੰ ਅਕਸ਼ੇ ਤੇ ਆਪਣੇ ਬਾਰੇ ਮੈਨੂੰ ਨਹੀਂ ਦੱਸਿਆ।"

"ਕੁਝ ਨਹੀਂ ਯਾਰ। ਬਸ ਮੈਂ ਚਾਹੁੰਦੀ ਸੀ ਗੱਲ ਸਿਰੇ ਲੱਗੇ ਤਦ ਹੀ ਤੈਨੂੰ ਦੱਸਾਂ। ਨਾਲੇ ਤੂੰ ਤਾਂ ਆਪ ਫਸੀ ਪਈ ਏ ਮੈਂ ਤੈਨੂੰ ਕਿਉਂ ਪਰੇਸ਼ਾਨ ਕਰਨਾ ਸੀ।"

"ਇਸ ਵਿੱਚ ਪਰੇਸ਼ਾਨੀ ਵਾਲੀ ਕਿਹੜੀ ਗੱਲ। ਤੂੰ ਮੈਨੂੰ ਦੱਸਦੀ ਤਾਂ ਮੈਨੂੰ ਖੁਸ਼ੀ ਹੁੰਦੀ। ਅਕਸ਼ੇ ਵਧੀਆ ਮੁੰਡਾ ਵਾ।"

"ਆਹੋ ਵਧੀਆ ਤਾਂ ਹੈ।"

"ਪਰ ਕੀ ਤੇਰੇ ਘਰਦੇ ਮੰਨ ਜਾਣਗੇ ਰਿਸ਼ਤੇ ਲਈ। ਤੂੰ ਜੱਟਾਂ ਦੀ ਕੁੜੀ ਉਹ ਬਾਣੀਆਂ ਦਾ ਮੁੰਡਾ।"

"ਹਾਂ ਮੈਂ ਮੰਮੀ ਨਾਲ ਕੀਤੀ ਗੱਲ। ਫਿਰ ਮੰਮੀ ਨੇ ਡੈਡੀ ਨਾਲ ਕੀਤੀ। ਉਹ ਕਹਿੰਦੇ ਜਿੱਥੇ ਤੇਰੀ ਖੁਸ਼ੀ ਆ ਅਸੀਂ ਵੀ ਖੁਸ਼।"

"ਵਾਹ ਬਾਂਦਰੀਏ। ਘਰ ਤੱਕ ਵੀ ਗੱਲ ਪਹੁੰਚ ਗਈ ਤੇ ਮੈਨੂੰ ਦੱਸਣਾ ਜਰੂਰੀ ਨਹੀਂ ਸਮਝਿਆ।"

"ਓ ਯਾਰ, ਤੂੰ ਹੁਣ ਏਹੀ ਗੱਲ ਨਾ ਫੜ੍ਹ ਰੱਖ। ਦੱਸਣਾ ਸੀ ਤੈਨੂੰ। ਬਸ ਅਕਸ਼ੇ ਨੇ ਮਨ੍ਹਾ ਕੀਤਾ ਸੀ ਕਿ ਸਭ ਠੀਕ ਹੋਜੇ ਫਿਰ ਸਭ ਨੂੰ ਦੱਸਾਂਗੇ।"

"ਅੱਛਾ ਪਰ ਅਕਸ਼ੇ ਦੇ ਯਾਰਾਂ ਨੂੰ ਤਾਂ ਸਭ ਪਹਿਲਾਂ ਤੋਂ ਪਤਾ ਸੀ।"

"ਹੁਣ ਤੂੰ ਲੜਨਾ ਏ ਮੇਰੇ ਨਾਲ ਦੱਸ। ਤੂੰ ਦੱਸ ਗੋਵਿੰਦ ਨਾਲ ਬਣੀ ਗੱਲ ਕੋਈ ਕਿ ਨਹੀਂ।"

"ਜਦੋਂ ਤੂੰ ਨਹੀਂ ਆਪਣਾ ਕੋਈ ਭੇਤ ਦੇਂਦੀ ਤਾਂ ਮੇਰਾ ਦਿਮਾਗ ਥੋੜ੍ਹਾ ਖਰਾਬ ਆ ਮੈਂ ਆਪਣੀ ਕੱਲੀ-ਕੱਲੀ ਗੱਲ ਤੇਰੇ ਕੋਲ ਖੋਲ੍ਹਾ।"

"ਲੈ ਫਿਰ ਇਹੀ ਤਾਂ ਫਰਕ ਆ ਮੇਰੀ ਪ੍ਰੀਤੋ 'ਚ।"

"ਤੂੰ ਮਸਕੇ ਨਾ ਲਾ ਦੱਸ ਕੀ-ਕੀ ਗੱਲਾਂ ਹੁੰਦੀਆਂ ਫਿਰ ਤੇਰੇ ਤੇ ਅਕਸ਼ੇ 'ਚ?"

"ਬਹੁਤ। ਪੁੱਛ ਹੀ ਨਾ। ਬੜਾ ਰੋਮਾਂਟਿਕ ਵਾ ਉਹ। ਚੈਟ ਵਿੱਚ ਵੀ ਏਨੀਆਂ ਰੋਮਾਂਟਿਕ ਗੱਲਾਂ ਕਰਦਾ ਕਿ ਮੈਂ ਪਾਣੀ-ਪਾਣੀ ਹੋ ਜਾਂਦੀ।"

"ਬਸ-ਬਸ। ਸਮਝ ਗਈ ਮੈਂ ਕਿਵੇਂ ਦੀਆਂ ਰੋਮਾਂਟਿਕ ਗੱਲਾਂ ਕਰਦੇ ਤੁਸੀਂ। ਮੈਨੂੰ ਵੇਰਵਾ ਨਹੀਂ ਚਾਹੀਦਾ।"

"ਹਾਹਾਹਾਹਹਾਹ... ਸੁਣਲਾ ਹੁਣ। ਤੇਰੇ ਵੀ ਕੰਮ ਆਉਣਗੀਆਂ। ਕੀ ਪਤਾ ਕਦ ਗੋਵਿੰਦ ਨਾਲ ਤੈਨੂੰ ਇਹ ਗੱਲਾਂ ਕਰਨ ਦਾ ਮੌਕਾ ਮਿਲ ਜਾਵੇ।"

"ਪੁੱਤ ਤੂੰ ਤਾਂ ਬਸ ਗੱਲਾਂ ਕਰਦੀ ਏ। ਤੂੰ ਸੋਚ ਵੀ ਨਹੀਂ ਸਕਦੀ ਸਾਡੇ ਵਿੱਚ ਕੀ-ਕੀ ਹੁੰਦਾ।"

"ਹਾਏ ਮੈਂ ਮਰਜਾ। ਕਿਹੜਾ ਚੰਨ ਚੜਾ ਦਿੱਤਾ ਈ? ਮੈਨੂੰ ਦਸ ਸਭ। ਕੀ ਚੱਲ ਰਿਹਾ ਤੁਹਾਡੇ ਦੋਨਾਂ ਵਿੱਚ।"

ਮੈਂ ਚਾਹੁੰਦੀ ਤਾਂ ਨਹੀਂ ਸੀ ਦੱਸਣਾ। ਪਰ ਗੱਲਾਂ-ਗੱਲਾਂ ਵਿੱਚ ਹੀ ਮੇਰੇ ਮੂੰਹੋਂ ਮੇਰਾ ਹੀ ਭੇਤ ਖੁੱਲ੍ਹ ਗਿਆ। ਇਸ ਕਾਰਨ ਮੈਨੂੰ ਦੱਸਣਾ ਹੀ ਪਿਆ। ਉਹ ਵਾਰ-ਵਾਰ ਮੇਰੇ ਮੂੰਹ ਵੱਲ ਵੇਖਦੀ ਹੋਈ ਬੋਲੀ..

"ਮੈਨੂੰ ਨਾ ਭੋਰਾ ਯਕੀਨ ਨਹੀਂ ਹੋਣ ਡਿਆ ਕਿ ਤੇਰੇ ਤੇ ਗੋਵਿੰਦ ਵਿੱਚ ਇਹ ਸਭ ਹੋਇਆ।"

"ਲੈ ਦੱਸ ਹੁਣ ਤੈਨੂੰ ਮੈਂ ਫਿਲਮ ਬਣਾ ਕੇ ਦਿਖਾਵਾਂ।"

"ਮਤਲਬ ਗੋਵਿੰਦ ਤੇ ਪੱਕੀ ਮੋਹਰ ਲੱਗ ਗਈ ਹੁਣ ਤੇਰੀ।"

"ਹਾਂ ਪਰ ਇਹ ਸਭ ਠੀਕ ਨਹੀਂ ਆ। ਅਦਿੱਤੀ ਨਾਲ ਗਲਤ ਕਰ ਰਹੀ ਆ ਮੈਂ।"

"ਦਫਾ ਕਰ ਅਦਿੱਤੀ ਨੂੰ। ਜਬ ਅਪਨਾ ਕਾਮ ਬਨਤਾ ਤੋਂ ਬਾੜ ਮੇਂ ਜਾਏ ਜਨਤਾ। ਲੋਕਾਂ ਦਾ ਨਹੀਂ ਸੋਚੀਦਾ ਹੁੰਦਾ ਬਹੁਤਾ। ਬਸ ਆਪਣਾ ਰਾਹ ਸਿੱਧਾ ਦੇਖੋ। ਵਕਤ ਲੰਘ ਜਾਣ ਤੇ ਪਛਤਾਉਣ ਨਾਲੋਂ ਚੰਗਾ। ਹੁਣ ਜਿਵੇਂ ਵੀ ਜੋ ਵੀ ਮਿਲ ਰਿਹਾ। ਉਹ ਹੱਥੋਂ ਨਾ ਨਿਕਲਣ ਦਿਉ।"

"ਨਹੀਂ-ਨਹੀਂ ਇਹ ਠੀਕ ਨਹੀਂ ਆ। ਕਿਸੇ ਦਾ ਬੁਰਾ ਕਰ ਖੁਦ ਦੇ ਬਾਰੇ ਸੋਚਣਾ ਠੀਕ ਨਹੀਂ।"

"ਪਰਨੀਤ ਯਾਰ। ਅੱਜਕੱਲ੍ਹ ਕੌਣ ਇਹ ਸਭ ਸੋਚਦਾ। ਸਭ ਨੂੰ ਆਪੋ ਆਪਣੀ ਪਈ ਆ। ਤੂੰ ਵੀ ਆਪਣੀ ਜ਼ਿੰਦਗੀ ਵੱਲ ਧਿਆਨ ਦੇ ਲੋਕਾਂ ਬਾਰੇ ਨਾ ਸੋਚ ਬਹੁਤਾ।"

ਮੈਂ ਮਨ ਹੀ ਮਨ ਸੋਚ ਰਹੀ ਸੀ ਕਿ “ਸੁਖਮਨ ਗੱਲਾਂ ਤਾਂ ਠੀਕ ਕਰ ਰਹੀ ਏ। ਅੱਜਕੱਲ੍ਹ ਕੋਈ ਕਿਸੇ ਬਾਰੇ ਨਹੀਂ ਸੋਚਦਾ। ਮੈਨੂੰ ਵੀ ਆਪਣੇ ਬਾਰੇ ਹੀ ਸੋਚਣਾ ਚਾਹੀਦਾ ਬਸ। ਬਸ ਮੇਰੇ ਇੱਕ ਕਦਮ ਪੁੱਟਣ ਦੀ ਦੇਰੀ ਹੈ। ਗੋਵਿੰਦ ਮੇਰਾ ਹੋ ਜਾਵੇਗਾ। ਹਾਂ ਵਾਕਿਆ ਕੋਈ ਕਿਸੇ ਬਾਰੇ ਨਹੀਂ ਸੋਚਦਾ। ਪਰ ਅਦਿੱਤੀ ਉਹਨਾਂ ਲੋਕਾਂ ਵਿੱਚੋਂ ਕਿਉਂ ਨਹੀਂ। ਉਹ ਵੀ ਤਾਂ ਗੋਵਿੰਦ ਤੇ ਆਪਣਾ ਹੱਕ ਜਮਾ ਸਕਦੀ ਸੀ। ਉਹਨੂੰ ਕੀ ਲੋੜ ਪਈ ਤਿਆਗ ਕਰਨ ਦੀ। ਉਸਨੇ ਵੀ ਤਾਂ ਤਿਆਗ ਕੀਤਾ ਹੀ ਏ। ਭਾਵ ਕਿ ਦੁਨੀਆ ਵਿੱਚ ਸਭ ਇੱਕੋ ਜਿਹੇ ਨਹੀਂ ਹਨ। ਸਭ ਆਪਣਾ ਮਤਲਬ ਨਹੀਂ ਦੇਖਦੇ। ਇੱਥੇ ਜ਼ਮੀਰ ਰੱਖਣ ਵਾਲੇ ਵੀ ਜਿਉਂਦੇ ਨੇ। ਫਿਰ ਮੈਂ ਕਿਉਂ ਆਪਣਾ ਜ਼ਮੀਰ ਮਾਰ ਮੁਰਦਿਆਂ ਦੀਆਂ ਦੀ ਗਿਣਤੀ ਵਿੱਚ ਸ਼ਾਮਿਲ ਹੋਵਾਂ। ਜਿਵੇਂ ਬਾਬਾ ਜਰਨੈਲ ਸਿੰਘ ਭਿੰਡਰਾਂਵਾਲੇ ਜੀ ਆਖਦੇ ਸਨ, "ਮੈਂ ਸਰੀਰ ਦੇ ਮਰਨ ਨੂੰ ਮੌਤ ਨਹੀਂ ਗਿਣਦਾ, ਜ਼ਮੀਰ ਦੇ ਮਰਨ ਨੂੰ ਮੌਤ ਗਿਣਦਾ ਹਾਂ।" ਉਵੇਂ ਹੀ ਮੈਂ ਜ਼ਮੀਰ ਮਾਰ ਕਿਸੇ ਨਾਲ ਧੱਕਾ ਨਹੀਂ ਕਰ ਸਕਦੀ।” ਮੈਂ ਬਸ ਸੁਖਮਨ ਦੀਆਂ ਗੱਲਾਂ ਇੱਕ ਕੰਨ ਰਾਹੀਂ ਸੁਣਦੀ ਗਈ ਤੇ ਦੂਸਰੇ ਹੀ ਕੰਨ ਰਾਹੀਂ ਬਾਹਰ ਕੱਢਦੀ ਗਈ।

ਅਸੀਂ ਗੱਲਾਂ ਕਰਦੇ-ਕਰਦੇ ਜੋੜਾ ਘਰ ਤੱਕ ਆ ਪਹੁੰਚੇ। ਅਸੀਂ ਜੋੜੇ ਜਮਾਂ ਕਰਵਾਏ ਤੇ ਫਿਰ ਹੱਥ ਪੈਰ ਧੋ ਪਰਕਰਮਾ ਕਰਦੇ ਮੱਥਾ ਟੇਕਣ ਲਈ ਕਤਾਰ ਵਿੱਚ ਲੱਗ ਗਏ। ਐਤਵਾਰ ਹੋਣ ਕਾਰਨ ਸੰਗਤ ਵਧੇਰੇ ਸੀ ਇਸ ਲਈ ਸਾਨੂੰ ਦਰਸ਼ਨ ਕਰਨ ਵਿੱਚ ਵਕਤ ਲੱਗਾ। ਕਰੀਬ ਇੱਕ ਘੰਟੇ ਪਿੱਛੋਂ ਸਾਡੀ ਵਾਰੀ ਆਈ ਤੇ ਅਸੀਂ ਦਰਸ਼ਨ ਕਰ ਕੁਝ ਦੇਰ ਬੈਠੇ ਤੇ ਫਿਰ ਬਾਹਰ ਆ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਦਰਸ਼ਨ ਕਰ ਲੰਗਰ ਹਾਲ ਨੂੰ ਤੁਰ ਪਏ। ਲੰਗਰ ਛਕਿਆ ਤੇ ਕੁਝ ਦੇਰ ਭਾਂਡੇ ਮਾਂਜਣ ਦੀ ਸੇਵਾ ਕੀਤੀ। ਫਿਰ ਜੋੜੇ ਲੈ ਘਰ ਨੂੰ ਚੱਲ ਪਏ। ਮੈਨੂੰ ਦਰਸ਼ਨ ਕਰ ਜਿਵੇਂ ਥੋੜੀ ਜਿਹੀ ਧਰਵਾਸ ਆਈ ਹੋਵੇ। ਅਸੀਂ ਏਧਰ-ਉਧਰ ਦੀਆਂ ਗੱਲਾਂ ਕਰ ਘਰ ਆ ਪਹੁੰਚੇ। ਸੁਖਮਨ ਕੁਝ ਦੇਰ ਮੇਰੇ ਘਰ ਰੁਕੀ ਤੇ ਫਿਰ ਆਪਣੇ ਘਰ ਨੂੰ ਚਲੀ ਗਈ।

ਉਸਦੇ ਜਾਂਦੇ ਹੀ ਮੇਰਾ ਧਿਆਨ ਫਿਰ ਤੋਂ ਗੋਵਿੰਦ ਵਿੱਚ ਜਾ ਲੱਗਾ। ਮੈਂ ਸੋਚ ਰਹੀ ਸੀ ਕਿ "ਅੱਜ ਨਾ ਤਾਂ ਗੋਵਿੰਦ ਦਾ ਕੋਈ ਫ਼ੂਨ ਆਇਆ ਤੇ ਨਾ ਹੀ ਉਸਨੇ ਕੋਈ ਮੈਸਜ ਹੀ ਭੇਜਿਆ ਸੀ। ਕੀ ਗੱਲ ਹੋਈ ਹੋਵੇਗੀ। ਕੀ ਉਹ ਕਿਤੇ ਬਹੁਤਾ ਵਿਅਸਤ ਹੈ ਜਾਂ ਫਿਰ ਉਹਨੂੰ ਮੇਰਾ ਰਾਤ ਕਮਰੇ ਤੋਂ ਬਾਹਰ ਕੱਢਣਾ ਚੰਗਾ ਨਹੀਂ ਲੱਗਿਆ। ਕਿਤੇ ਉਹ ਨਾਰਾਜ਼ ਤਾਂ ਨਹੀਂ ਹੋ ਗਿਆ।" ਕਈ ਤਰ੍ਹਾਂ ਦੇ ਵਿਚਾਰ ਮੇਰੇ ਮਨ ਅੰਦਰ ਬਣਨ ਲੱਗ ਪਏ। ਸ਼ਾਮ ਹੋ ਚੁੱਕੀ ਸੀ। ਮੈਂ ਮਨ ਨੂੰ ਬਦਲਣ ਲਈ ਆਪਣੇ ਭਰਾ ਅੰਗਦ ਨੂੰ ਫ਼ੂਨ ਲਾਉਣ ਬਾਰੇ ਸੋਚਿਆ। ਕਿਉਂਕਿ ਉਂਝ ਉਹ ਹਰ ਸ਼ਨੀਵਾਰ ਘਰੇ ਆ ਜਾਂਦਾ ਸੀ। ਪਰ ਇਸ ਵਾਰ ਨਹੀਂ ਆਇਆ। ਮੈਂ ਉਸਨੂੰ ਫ਼ੂਨ ਲਾ ਹਾਲ-ਚਾਲ ਪੁੱਛਿਆ ਤੇ ਘਰ ਨਾ ਆਉਣ ਦਾ ਕਾਰਨ। ਤਾਂ ਉਸਨੇ ਦੱਸਿਆ ਕਿ ਉਸਦੀ ਯੂਨਿਵਰਸਿਟੀ ਵਿੱਚ ਅਥਲੈਟਿਕ ਮੁਕਾਬਲੇ ਚੱਲ ਰਹੇ ਨੇ। ਉਹ ਵੀ ਇੱਕ ਅਥਲੀਟ ਏ। ਜਿਸ ਕਾਰਨ ਉਸਨੂੰ ਰੁਕਣਾ ਪਿਆ। ਅਸੀਂ ਹੋਰ ਗੱਲਾਂ ਬਾਤਾਂ ਕੀਤੀਆਂ। ਕਰੀਬ ਇੱਕ ਘੰਟਾ ਮੈਂ ਉਸ ਨਾਲ ਗੱਲ ਕੀਤੀ। ਉਸਦੀ ਸਹੇਲੀ ਬਾਰੇ ਪੁੱਛਿਆ। ਉਹ ਆਪਣੀ ਹਰ ਗੱਲ ਮੇਰੇ ਨਾਲ ਸਾਂਝੀ ਕਰਦਾ ਸੀ। ਅਗਰ ਸਹੇਲੀ ਰੁਸ ਜਾਣੀ ਤਾਂ ਮੇਰੇ ਕੋਲੋਂ ਉਸ ਨੂੰ ਮਨਾਉਣ ਦੇ ਉਪਾਅ ਪੁੱਛਦਾ। ਸੁਪਰੀਤ ਨਾਂ ਸੀ ਉਸਦੀ ਸਹੇਲੀ ਦਾ। ਬੜੀ ਹੀ ਖ਼ੂਬਸੂਰਤ ਸੀ ਉਹ ਵੀ। ਜਦੋਂ ਵੀ ਅੰਗਦ ਨੇ ਮੇਰੇ ਨਾਲ ਗੱਲ ਕਰਨੀ ਤਾਂ ਮੈਂ ਉਸਨੂੰ ਹਰ ਵਾਰ ਪੁੱਛਣਾ ਕਿ ਫਿਰ ਕਦੋਂ ਸੁਪਰੀਤ ਨੂੰ ਮੇਰੀ ਭਾਬੀ ਬਣਾ ਘਰ ਲਿਆਵੇਗਾ? ਤਾਂ ਉਸਨੇ ਇਹ ਕਹਿ ਗੱਲ ਬਦਲ ਦੇਣੀ ਕਿ ਉਸ ਨਾਲੋਂ ਪਹਿਲਾਂ ਮੇਰਾ ਵਿਆਹ ਹੋਵੇਗਾ। ਅਸੀਂ ਕਈ ਤਰ੍ਹਾਂ ਦੇ ਹਾਸੇ ਮਜਾਕ ਕਰਨੇ। ਜਦੋਂ ਵੀ ਮੇਰਾ ਦਿਲ ਨਾ ਲੱਗਦਾ ਹੋਣਾ ਮੈਂ ਅੰਗਦ ਨਾਲ ਕਈ-ਕਈ ਚਿਰ ਗੱਲ ਕਰਦੀ ਰਹਿੰਦੀ ਸੀ। ਅਸੀਂ ਕੁਝ ਗੱਲਾਂ ਕੀਤੀਆਂ ਤੇ ਫਿਰ ਫ਼ੂਨ ਕੱਟ ਦਿੱਤਾ।

ਰਾਤ ਹੋਈ ਮੈਂ ਰੋਟੀ ਪਾਣੀ ਕੀਤਾ ਤੇ ਧਿਆਨ ਫ਼ੂਨ 'ਚ ਹੀ ਰੱਖਿਆ। ਪਤਾ ਨਹੀਂ ਕਿਉਂ ਨਾ ਚਾਹੁੰਦੇ ਵੀ ਮੇਰਾ ਧਿਆਨ ਗੋਵਿੰਦ ਵਿੱਚ ਰਿਹਾ। ਪਰ ਉਸਦਾ ਕੋਈ ਫ਼ੂਨ ਜਾਂ ਮੈਸਜ ਨਾ ਆਇਆ। ਸਾਰੀ ਰਾਤ ਉਡੀਕ ਵਿੱਚ ਹੀ ਲੰਘੀ। ਸਵੇਰ ਹੋਈ ਤੇ ਮੈਂ ਵੇਲੇ ਨਾਲ ਹੀ ਉੱਠ

ਨਹਾ ਧੋ ਤਿਆਰ ਹੋ ਗਈ। ਕਾਲਜ ਜਾਣ ਲਈ ਰੋਜ਼ ਦੀ ਤਰ੍ਹਾਂ ਡਾ. ਅੰਬੇਦਕਰ ਚੌਂਕ ਵਿੱਚ ਜਾ ਖੜੀ। ਅਜੇ ਮੈਂ ਖੜੀ ਹੀ ਕਿ ਗੋਵਿੰਦ ਵੀ ਆਪਣੇ ਬੁਲਟ ਤੇ ਮੇਰੇ ਸਾਹਮਣੇ ਆ ਖੜਾ ਹੋਇਆ। ਉਹ ਮੇਰੇ ਸਾਹਮਣੇ ਤਾਂ ਆ ਰੁਕ ਗਿਆ। ਪਰ ਬੋਲਿਆ ਕੁਝ ਨਾ। ਮੈਂ ਨਾ ਤਾਂ ਕੁਝ ਬੋਲੀ ਤੇ ਨਾ ਹੀ ਉਸਦੇ ਪਿੱਛੇ ਬੈਠੀ। ਉਹ ਚਾਹੁੰਦਾ ਸੀ ਕਿ ਮੈਂ ਉਸਨੂੰ ਬੁਲਾਵਾਂ ਤੇ ਉਸਦੇ ਪਿੱਛੇ ਬੈਠ ਕਾਲਜ ਜਾਵਾਂ। ਪਰ ਮੈਂ ਨਾ ਬੈਠੀ ਨਾ ਹੀ ਬੋਲੀ। ਕਰੀਬ ਪੰਜ ਮਿੰਟ ਇੰਝ ਹੀ ਗੁਜਰ ਗਏ। ਏਨੇ ਨੂੰ ਸਿਟੀ ਬੱਸ ਆ ਗਈ। ਮੈਂ ਕਾਹਲੀ ਨਾਲ ਬੱਸ ਵਿੱਚ ਚੜ੍ਹ ਇੱਕ ਸ਼ੀਟ ਉੱਪਰ ਜਾ ਬੈਠੀ। ਗੋਵਿੰਦ ਮੇਰੇ ਵੱਲ ਦੇਖਦਾ ਹੀ ਰਹਿ ਗਿਆ। ਉਸਨੂੰ ਇਹ ਭੋਰਾ ਉਮੀਦ ਨਹੀਂ ਸੀ ਕਿ ਮੈਂ ਉਸਨੂੰ ਇੰਝ ਅਣਦੇਖਿਆ ਕਰਾਂਗੀ। ਬੱਸ ਚੱਲ ਪਈ। ਉਹਨੇ ਗੁੱਸੇ ਵਿੱਚ ਉੱਥੋਂ ਬੁਲਟ ਕੱਢਿਆ ਤੇ ਪਲਾਂ ਵਿੱਚ ਹੀ ਛੂ ਮੰਤਰ ਹੋ ਗਿਆ। ਮੈਂ ਸਮਝ ਗਈ ਕਿ ਉਹ ਹੋਰ ਨਾਰਾਜ਼ ਹੋ ਗਿਆ ਏ। ਪਰ ਮੈਨੂੰ ਵੀ ਕੋਈ ਫਰਕ ਨਹੀਂ ਸੀ। ਨਾਰਾਜ਼ ਹੋਇਆ ਤਾਂ ਹੋਇਆ ਰਹੇ। ਜੋ ਗਲਤ ਹੈ ਉਹ ਗਲਤ ਹੀ ਹੈ। ਮੈਂ ਬੱਸ ਵਿੱਚ ਹੀ ਬੈਠੀ ਸੋਚ ਰਹੀ ਸੀ ਕਿ ਬਹੁਤ ਹੋ ਗਈਆਂ ਇਸ਼ਕ ਦੀਆਂ ਖੇਡਾਂ। ਹੁਣ ਹੋਰ ਨਹੀਂ ਇਹ ਸਭ ਹੋਣਾ ਚਾਹੀਦਾ।

ਬਸ ਕਾਲਜ ਦੇ ਮੂਹਰੇ ਜਾ ਖੜੀ। ਮੈਂ ਬੱਸ ਵਿੱਚੋਂ ਉੱਤਰੀ ਤੇ ਕਾਲਜ ਦੇ ਅੰਦਰ ਦਾਖਲ ਹੋਈ। ਮੇਰੀ ਦੂਰੋਂ ਹੀ ਨਜ਼ਰ ਪਈ ਤਾਂ ਗੋਵਿੰਦ ਪਾਰਕਿੰਗ ਦੇ ਕੋਲ ਹੀ ਅੱਖਾਂ ਤੇ ਐਨਕ, ਗਲ ਉੱਚੀ ਜਿਹੀ ਧਾਰੀਆਂ ਵਾਲੀ ਕਮੀਜ, ਤੇੜ ਜੀਨ ਦੀ ਬੈੱਲ ਬਾਟਮ ਪੈਂਟ, ਕਮੀਜ ਦੇ ਉੱਤੇ ਉਸਦੀ ਮਨ ਪਸੰਦਾ ਕਾਲੀ ਜੈਕਟ, ਵਾਲਾਂ ਵਿੱਚ ਚੀਰ ਕੱਢੀ ਖੜ੍ਹਾ ਸੀ। ਮੈਂ ਸਮਝ ਗਈ ਕਿ ਉਹ ਮੇਰੀ ਹੀ ਉਡੀਕ ਕਰ ਰਿਹਾ ਸੀ। ਮੈਂ ਜਿਵੇਂ ਹੀ ਪੰਜਾਬੀ ਵਿਭਾਗ ਵੱਲ ਨੂੰ ਮੁੜੀ ਤਾਂ ਉਹ ਵੀ ਕਾਹਲੀ ਨਾਲ ਆ ਮੇਰੇ ਨਾਲ-ਨਾਲ ਤੁਰਨ ਲੱਗਾ। ਉਹ ਫਿਰ ਤੋਂ ਕੁਝ ਨਾ ਬੋਲਿਆ ਤੇ ਨਾ ਹੀ ਮੈਂ। ਅਸੀਂ ਤੁਰ ਤਾਂ ਇਕੱਠੇ ਰਹੇ ਸੀ। ਪਰ ਕੋਈ ਇੱਕ ਦੂਜੇ ਨੂੰ ਬੁਲਾ ਨਹੀਂ ਸੀ ਰਿਹਾ। ਕਲਾਸ ਆ ਗਈ। ਸਭ ਕਲਾਸ ਵਿੱਚ ਸਨ। ਅਦਿੱਤੀ ਵੀ ਇੱਕ ਬੈਂਚ ਤੇ ਬੈਠੀ ਸੀ। ਗੋਵਿੰਦ ਸਭ ਨੂੰ ਮਿਲਿਆ। ਅਦਿੱਤੀ ਨਾਲ ਵੀ ਹੱਥ ਮਿਲਾਇਆ। ਅਦਿੱਤੀ ਨੂੰ

ਜਿਵੇਂ ਭੋਰਾ ਫਰਕ ਨਾ ਪਿਆ ਹੋਵੇ ਸ਼ਨੀਵਾਰ ਰਾਤ ਵਾਲੀ ਹੋਈ ਗੱਲਬਾਤ ਦਾ। ਉਹ ਹੱਸ ਗੋਵਿੰਦ ਨੂੰ ਮਿਲੀ। ਮੈਨੂੰ ਸ਼ਰਮ ਮਹਿਸੂਸ ਹੋਈ ਉਸਨੂੰ ਮਿਲਣ ਵਿੱਚ। ਮੈਂ ਤਾਂ ਉਸ ਨਾਲ ਅੱਖਾਂ ਨਾਲ ਅੱਖਾਂ ਨਹੀਂ ਸੀ ਮਿਲਾ ਪਾ ਰਹੀ। ਮੈਂ ਦੇਖਿਆ ਤਾਂ ਸੁਖਮਨ ਅੱਜ ਫਿਰ ਕਾਲਜ ਨਹੀਂ ਸੀ ਆਈ। ਅਕਸ਼ੇ ਵੀ ਨਹੀਂ ਸੀ ਆਇਆ। ਸੋਚਿਆ ਜਰੂਰ ਫਿਰ ਕਿਧਰੇ ਗਏ ਹੋਣਗੇ। ਮੈਂ ਇਕੱਲੀ ਹੀ ਆਪਣੀ ਪੱਕੀ ਬੈਠਣ ਵਾਲੀ ਸ਼ੀਟ ਉੱਤੇ ਬੈਠ ਗਈ। ਪਰ ਮਿਲੀ ਕਿਸੇ ਨੂੰ ਨਾ। ਕਲਾਸ ਸ਼ੁਰੂ ਹੋ ਗਈ। ਮੈਂ ਦੇਖਿਆ ਤਾਂ ਗੋਵਿੰਦ ਅਦਿੱਤੀ ਦੇ ਕੋਲ ਹੀ ਬੈਠਾ ਸੀ। ਉਸਨੇ ਇੱਕ ਵਾਰ ਵੀ ਅੱਖ ਪੁੱਟ ਮੇਰੀ ਤਰਫ ਨਹੀਂ ਸੀ ਦੇਖਿਆ। ਮੈਂ ਹੈਰਾਨ ਸੀ ਇਹ ਹੋ ਕੀ ਰਿਹਾ ਏ। ਦੋ ਲੈਕਚਰ ਲੱਗੇ ਤੇ ਅਗਲੇ ਲੈਕਚਰ ਵਾਲੇ ਪ੍ਰੋਫੈਸਰ ਆਏ ਨਹੀਂ ਸਨ। ਇਸ ਲਈ ਅਗਲਾ ਲੈਕਚਰ ਖਾਲੀ ਸੀ। ਮੈਂ ਆਪਣਾ ਪਰਸ ਚੁੱਕਿਆ ਤੇ ਕੰਟੀਨ ਜਾ ਬੈਠ ਗਈ। ਚਾਹ ਪੀਤੀ ਤੇ ਫਿਰ ਤੋਂ ਕਲਾਸ ਵੱਲ ਨੂੰ ਤੁਰ ਪਈ। ਮੈਂ ਕਲਾਸ ਵੱਲ ਜਾ ਰਹੀ ਸੀ ਅੱਗਿਉਂ ਮੈਨੂੰ ਅਦਿੱਤੀ ਮਿਲ ਪਈ। ਉਸਨੇ ਮੈਨੂੰ ਰੋਕਦੇ ਹੋਏ ਬੁਲਾਇਆ...

"ਹੈਲੋ ਪਰਨੀਤ। ਕਿਵੇਂ ਆ?"

ਮੈਂ ਆਪਣੇ ਮਨ ਦੀ ਸਥਿਤੀ ਨੂੰ ਲੁਕਾਉਂਦੇ ਹੋਏ ਮੁੱਖ ਤੇ ਮੁਸਕਾਨ ਲਿਆ ਉਸ ਨਾਲ ਹੱਥ ਮਿਲਾਇਆ ਤੇ ਕਿਹਾ..

"ਹਾਂਜੀ ਵਧੀਆ। ਤੁਸੀਂ ਦੱਸੋ ਕਿਵੇਂ ਹੋ?"

"ਹਾਂਜੀ ਮੈਂ ਵੀ ਵਧੀਆ।"

"ਚਲੋ ਵਧੀਆ ਚਾਹੀਦਾ। ਹੋਰ ਘਰ ਸਭ ਕਿਵੇਂ?"

"ਹਾਂਜੀ ਸਭ ਠੀਕ। ਪਰਨੀਤ ਆਪਾਂ ਦੋਵੇਂ ਇਕੱਲੇ ਗੱਲ ਕਰ ਸਕਦੇ ਹਾਂ?"

"ਹਾਂਜੀ-ਹਾਂਜੀ ਜਰੂਰ। ਦੱਸੋ।"

"ਨਹੀਂ ਏਥੇ ਨਹੀਂ ਪਾਰਕ ਵਿੱਚ ਚੱਲਦੇ। ਗੱਲ ਲੰਮੀ ਏ। ਨਾਲੇ ਉੱਥੇ ਧੁੱਪ ਵੀ ਆ।"

"ਪਰ ਆਪਣਾ ਤਾਂ ਲੈਕਚਰ ਆ ਹੁਣ।"

"ਹਾਂ ਪਤਾ ਪਰ ਜੋ ਗੱਲ ਕਰਨੀ ਉਹ ਲੈਕਚਰ ਨਾਲੋਂ ਜਿਆਦਾ ਜਰੂਰੀ ਏ।"

"ਅੱਛਾ ਏਨੀ ਕੀ ਜਰੂਰੀ ਗੱਲ ਏ?"

"ਹਾਂ ਮੈਂ ਸੋਚਦੀ ਤੈਨੂੰ ਪਤਾ ਹੋਣਾ ਚਾਹੀਦਾ ਸਭ।"

"ਹਾਂਜੀ ਠੀਕ ਆ ਚਲੋ।"

ਜਦ ਉਹ ਗੱਲ ਕਰ ਰਹੀ ਸੀ ਤਾਂ ਮੈਂ ਉਸਦੇ ਹਾਵਾਂ ਭਾਵਾਂ ਤੋਂ ਅੰਦਾਜ਼ਾ ਲਾ ਸਕਦੀ ਕਿ ਗੱਲ ਬਹੁਤ ਗੰਭੀਰ ਲੱਗਦੀ ਏ। ਮੈਂ ਡਰੀ ਵੀ ਹੋਈ ਸੀ ਪਤਾ ਨਹੀਂ ਕੀ ਗੱਲ ਕਰੇਗੀ। "ਕਿਤੇ ਸ਼ਨੀਵਾਰ ਰਾਤ ਵਾਲੀ ਹੋਈ ਗੱਲ ਤੋਂ ਨਾਰਾਜ਼ ਤਾਂ ਨਹੀਂ। ਕਿਧਰੇ ਗੋਵਿੰਦ ਨੇ ਉਸ ਤੇ ਮੇਰੇ ਵਿਚਲੀ ਉਸ ਰਾਤ ਵਾਲੀ ਹਰਕਤ ਬਾਰੇ ਦੱਸ ਤਾਂ ਨਹੀਂ ਦਿੱਤਾ। ਨਹੀਂ-ਨਹੀਂ, ਇਹ ਤਾਂ ਕਹਿ ਰਹੀ ਏ ਕਿ ਮੈਨੂੰ ਪਤਾ ਹੋਣਾ ਚਾਹੀਦਾ। ਇਸਨੇ ਇੰਝ ਕਿਉਂ ਕਿਹਾ? ਕੀ ਗੱਲ ਹੋ ਸਕਦੀ ਏ?" ਮੈਂ ਸਹਿਮੀ ਹੋਈ ਸੀ। ਅਸੀਂ ਪਾਰਕ ਵੱਲ ਨੂੰ ਤੁਰ ਪਏ। ਪਾਰਕ ਵਿੱਚ ਡੱਠੇ ਇੱਕ ਬੈਂਚ ਉੱਤੇ ਜਾ ਬੈਠੇ। ਅਦਿੱਤੀ ਬੋਲੀ...

"ਪਰਨੀਤ ਸਭ ਤੋਂ ਪਹਿਲਾਂ ਤਾਂ ਮੁਆਫ ਕਰਦੇ। ਕਿਉਂਕਿ ਜੋ ਵੀ ਤੈਨੂੰ ਦੱਸਣ ਲੱਗੀ ਆ ਉਹ ਮੈਨੂੰ ਤੇਰੇ ਨਾਲ ਗਲਤ ਹੋਇਆ ਲੱਗ ਰਿਹਾ। ਹਾਂ ਇਸ ਵਿੱਚ ਜਰੂਰ ਦੋਸ਼ ਮੇਰਾ ਹੀ ਆ। ਪਰ ਮੈਂ ਇਹ ਸਭ ਚਾਹੁੰਦੀ ਨਹੀਂ ਸੀ। ਇਹ ਆਪਣੇ ਆਪ ਹੋ ਗਿਆ।"

"ਗੱਲ ਕੀ ਹੋਈ ਆ। ਤੂੰ ਤਾਂ ਮੈਨੂੰ ਡਰਾ ਰਹੀ ਏ। ਹੋਇਆ ਕੀ ਆ? ਇਹ ਤਾਂ ਦੱਸ।"

"ਮੈਨੂੰ ਸਮਝ ਨਹੀਂ ਆ ਰਹੀ ਯਾਰ ਮੈਂ ਕਿਵੇਂ ਦੱਸਾਂ?"

"ਅਦਿੱਤੀ ਜੋ ਵੀ ਹੈ, ਸਾਫ-ਸਾਫ ਦੱਸ।"

"ਦੇਖ ਮੈਨੂੰ ਨਹੀਂ ਪਤਾ ਤੈਨੂੰ ਇਹ ਗੋਵਿੰਦ ਦੱਸਣਾ ਚਾਹੇਗਾ ਜਾਂ ਨਹੀਂ। ਪਰ ਮੈਂ ਇੱਕ ਔਰਤ ਹਾਂ ਤਾਂ ਜਰੂਰ ਇਹ ਸਮਝਦੀ ਹਾਂ ਕਿ ਤੈਨੂੰ ਪਤਾ ਹੋਣਾ ਚਾਹੀਦਾ। ਤਾਂ ਕਿ ਤੂੰ ਧੋਖਾ ਨਾ ਖਾਵੇ ਅੱਗੇ।"

"ਤੂੰ ਗੱਲ ਦੱਸੇਗੀ ਕਿ ਮੈਂ ਜਾਂਵਾ।"

ਮੈਨੂੰ ਉਸਦੀਆਂ ਬੁਝਾਰਤਾਂ ਉੱਪਰ ਖਿੱਝ ਚੜ੍ਹ ਗਈ। ਉਹ ਗੱਲ ਕੋਈ ਦੱਸ ਨਹੀਂ ਸੀ ਰਹੀ ਸਗੋਂ ਬੁਝਾਰਤਾਂ ਵਿੱਚ ਗੱਲ ਘੁੰਮਾਈ ਜਾ ਰਹੀ ਸੀ। ਮੈਂ ਗੁੱਸੇ ਵਿੱਚ ਬੋਲੀ ਤੇ ਉੱਠ ਤੁਰਨ ਲੱਗੀ। ਉਸਨੇ ਮੇਰਾ ਗੁੱਟ ਫੜਿਆ ਤੇ ਬੋਲੀ..

"ਰੁਕਜਾ ਪ੍ਰੀਤਾ ਦੱਸਦੀ ਆ। ਗੁੱਸਾ ਨਾ ਹੋ। ਬਸ ਮੈਨੂੰ ਸਮਝ ਨਹੀਂ ਆ ਰਹੀ ਕਿਵੇਂ ਸ਼ੁਰੂ ਕਰਾਂ।"

"ਤੂੰ ਗੱਲ ਦੱਸਣੀ ਤਾਂ ਦੱਸ, ਪਰ ਮੁੜ ਮੈਨੂੰ ਪ੍ਰੀਤਾ ਨਾ ਕਹੀਂ।"

"ਮੁਆਫ ਕਰਦੇ ਮੁੜ ਨਹੀਂ ਕਹਿੰਦੀ।"

"ਦੱਸੇਗੀ ਹੁਣ ਕੁਝ?".

"ਬੈਠਜਾ ਤੂੰ ਮੈਂ ਦੱਸਦੀ ਹਾਂ।"

ਮੈਂ ਬੈਠ ਗਈ ਤੇ ਉਹ ਸਹਿਮੀ ਜਿਹੀ ਹੋਈ ਦੱਸਣ ਲੱਗ ਪਈ। ਮੈਂ ਡਰੀ ਹੋਈ ਸੀ ਪਤਾ ਨਹੀਂ ਕੀ ਗੱਲ ਦੱਸੇਗੀ। ਉਹ ਬੋਲੀ...

"ਦੇਖ ਉਸ ਰਾਤ ਜਦੋਂ ਤੇਰੇ ਤੇ ਗੋਵਿੰਦ ਨਾਲ ਮੇਰੀ ਗੱਲ ਹੋਈ। ਉਦੋਂ ਤਾਂ ਸਭ ਠੀਕ ਸੀ। ਮੈਂ ਮਨ ਬਣਾ ਲਿਆ ਸੀ ਕਿ ਮੈਂ ਤੁਹਾਡੇ ਵਿੱਚ ਕਦੇ ਨਹੀਂ ਆਵਾਂਗੀ। ਤੇ ਇਹ ਸੱਚ ਆ। ਮੈਂ ਆਉਣਾ ਵੀ ਨਹੀਂ ਸੀ ਚਾਹੁੰਦੀ। ਪਰ।"

"ਕੀ ਪਰ?"

"ਪਰ ਮੇਰੇ ਤੋਂ ਬਰਦਾਸ਼ਿਤ ਨਾ ਹੋ ਪਾਇਆ ਇਹ ਸਭ। ਤਹਾਡੇ ਨਾਲ ਗੱਲ ਕਰਨ ਪਿੱਛੋਂ ਮੈਂ ਸਾਰੀ ਰਾਤ ਰੋਂਦੀ ਰਹੀ। ਸਾਡੇ ਘਰ ਵੀ ਕੋਈ ਨਹੀਂ ਸੀ। ਘਰਦੇ ਹਜ਼ੂਰ ਸਾਹਿਬ ਗਏ ਹੋਏ ਨੇ। ਘਰੇ ਮੈਂ ਤੇ ਬਸ ਮੇਰੇ ਦਾਦੀ ਜੀ ਨੇ।

ਮੈਂ ਰੋਂਦੀ ਰਹੀ ਸਾਰੀ ਰਾਤ। ਇੱਕ ਪਲ ਵੀ ਅੱਖਾਂ ਵਿੱਚ ਨੀਂਦ ਨਾ ਪਈ। ਅਗਲੇ ਦਿਨ ਇਕੱਲਾਪਨ ਮੈਨੂੰ ਹੋਰ ਵੱਢ ਖਾਣ ਨੂੰ ਪਵੇ। ਮੈਂ ਥੱਕ ਗਈ ਸੀ ਖੁਦ ਨੂੰ ਰੋਕਦੇ-ਰੋਕਦੇ। ਸਵੇਰ ਤੋਂ ਸ਼ਾਮ ਹੋਈ ਤੇ ਮੈਂ ਆਪਣੇ ਆਪ ਤੋਂ ਹਾਰ ਗੋਵਿੰਦ ਨੂੰ ਫ਼ੂਨ ਲਾਇਆ। ਉਸਨੇ ਪਹਿਲੀ ਬੈੱਲ ਵੱਜਦੇ ਹੀ ਮੇਰਾ ਫ਼ੂਨ ਚੁੱਕ ਲਿਆ। ਮੈਨੂੰ ਰੋਂਦੀ ਦੇਖ ਉਸਨੂੰ ਮੇਰੇ ਉੱਤੇ ਤਰਸ ਆਇਆ ਤੇ ਉਹ ਸਿੱਧਾ ਫ਼ੂਨ ਕੱਟ ਸਾਡੇ ਘਰ ਆ ਗਿਆ। ਜਿਉਂ ਹੀ ਮੈਂ ਉਸਨੂੰ ਦੇਖਿਆ ਮੈਂ ਹੋਰ ਬੇ-ਵੱਸ ਹੋ ਗਈ। ਮੈਂ ਉਸਨੂੰ ਆਪਣੇ ਕਮਰੇ ਵਿੱਚ ਲੈ ਗਈ ਤਾਂ ਕਿ ਦਾਦੀ ਨਾ ਸਾਨੂੰ ਦੇਖ ਲਵੇ। ਉਸਨੇ ਮੈਨੂੰ ਗਲ ਨਾਲ ਲਾਇਆ ਤੇ ਚੁੱਪ ਕਰਵਾਇਆ। ਮੈਂ ਖੁਦ ਨੂੰ ਰੋਕ ਨਾ ਪਾਈ ਤੇ ਗੋਵਿੰਦ ਨੂੰ ਘੁੱਟ ਬਾਹਾਂ ਵਿੱਚ ਭਰ ਲਿਆ। ਫਿਰ ਗੋਵਿੰਦ ਨੇ ਮੈਨੂੰ ਚੁੱਪ ਕਰਾਉਂਦੇ ਹੋਏ ਪੁੱਛਿਆ...

'ਕੀ ਗੱਲ ਏ ਅਦਿੱਤੀ? ਸਭ ਠੀਕ ਤਾਂ ਹੈ ਤੂੰ ਰੋ ਕਿਉਂ ਰਹੀ ਏ ਇੰਞ?'

'ਨਹੀਂ ਗੋਵਿੰਦ ਮੈਂ ਨਹੀਂ ਵੱਖ ਰਹਿ ਸਕਦੀ ਤੁਹਾਡੇ ਤੋਂ। ਮੈਨੂੰ ਦੂਰ ਨਾ ਕਰੋ।'

ਗੋਵਿੰਦ ਨੇ ਮੈਨੂੰ ਖੁਦ ਨਾਲੋਂ ਵੱਖ ਕੀਤਾ ਤੇ ਕਿਹਾ...

'ਅਦਿੱਤੀ ਤੂੰ ਆਪ ਹੀ ਤਾਂ ਕਿਹਾ ਸੀ ਕਿ ਤੈਨੂੰ ਕੋਈ ਦਿੱਕਤ ਨਹੀਂ ਏ ਮੇਰੇ ਤੇ ਪ੍ਰੀਤਾ ਦੇ ਰਿਸ਼ਤੇ ਤੋਂ, ਹੁਣ ਤੂੰ ਕਿਉਂ ਇੰਝ ਕਰ ਰਹੀ ਏ? ਏਦਾਂ ਆਪਾਂ ਸਭ ਲਈ ਔਖਾ ਹੋਜੂ। ਨਾਲੇ ਮੈਂ ਤੈਨੂੰ ਦੱਸ ਦਿਆਂ ਕਿ ਮੈਂ ਤੇ ਪ੍ਰੀਤਾ ਬਹੁਤ ਅੱਗੇ ਵਧ ਚੁੱਕੇ ਹਾਂ। ਕੱਲ੍ਹ ਰਾਤੀ ਸਾਡੇ ਵਿੱਚ ਬਹੁਤ ਕੁਝ ਹੋਇਆ।'

ਉਸਨੇ ਮੈਨੂੰ ਬੀਤੀ ਰਾਤ ਤੁਹਾਡੇ ਵਿੱਚ ਜੋ ਵੀ ਹੋਇਆ ਉਸ ਸਭ ਦੱਸਿਆ। ਪਰ ਮੈਨੂੰ ਉਸ ਨਾਲ ਕੋਈ ਫਰਕ ਨਾ ਪਿਆ। ਮੈਂ ਬਸ ਗੋਵਿੰਦ ਨੂੰ ਆਪਣੇ ਤੋਂ ਦੂਰ ਨਹੀਂ ਸੀ ਕਰਨਾ ਚਾਹੁੰਦੀ। ਮੈਂ ਰੋਂਦੀ ਹੋਈ ਬੜੇ ਹੀ ਤਰਲਿਆਂ ਨਾਲ ਕਿਹਾ..

'ਗੋਵਿੰਦ ਮੈਂ ਇਸ ਗੱਲ ਦਾ ਹੋਰ ਦਿਖਾਵਾ ਨਹੀਂ ਕਰ ਸਕਦੀ ਕਿ ਮੈਂ ਤੁਹਾਨੂੰ ਪਿਆਰ ਨਹੀਂ ਕਰਦੀ।

ਜਦਕਿ ਮੈਂ ਕਰਦੀ ਵਾਂ,

ਮੈਨੂੰ ਤੁਹਾਡੀ ਹਰ ਚੀਜ਼ ਨਾਲ ਪਿਆਰ ਆ,

ਤੁਹਾਡੀ ਹਰ ਉਸ ਗੱਲ ਨਾਲ ਵੀ ਜੋ ਤੁਹਾਨੂੰ ਸ਼ਰਮਿੰਦਗੀ ਮਹਿਸੂਸ ਕਰਵਾਉਣ ਵਾਲੀ ਲੱਗਦੀ ਏ,

ਤੁਹਾਡੇ ਹਰ ਦਾਗ, ਹਰ ਕਮੀ, ਹਰ ਗੁਣ ਨਾਲ,

ਮੈਂ ਪਿਆਰ ਕਰਦੀ ਹਾਂ,

ਤੁਹਾਨੂੰ ਲੱਗਦਾ ਕਿ ਤੁਸੀਂ ਪ੍ਰੀਤਾ ਬਿਨਾਂ ਟੁੱਟ ਜਾਵੋਗੇ,

ਬਿਖਰ ਜਾਵੋਗੇ,

ਬਸ ਉਸ ਨਾਲ ਹੀ ਖੁਸ਼ ਰਹਿ ਸਕਦੇ ਹੋ,

ਪਰ ਤੁਸੀਂ ਦੂਸਰਾ ਨਜ਼ਰੀਆ ਵੀ ਚੁਣ ਸਕਦੇ ਓ,

ਤੁਸੀਂ ਮੈਨੂੰ ਪਿਆਰ ਕਰ ਸਕਦੇ ਓ,

ਜਿੰਨਾ ਮੈਂ ਤੁਹਾਨੂੰ ਕਰਦੀ ਹਾਂ,

ਇਹ ਫੈਸਲਾ ਕੋਈ ਹੋਰ ਨਹੀਂ ਕਰ ਸਕਦਾ,

ਇਹ ਕਿਸੇ ਹੋਰ ਦੇ ਵੱਸ ਦੀ ਗੱਲ ਨਹੀਂ,

ਇਸਦਾ ਸਿਰਫ ਤੁਹਾਨੂੰ ਹੱਕ ਹੈ।'

"ਮੇਰੇ ਤਰਲੇ ਸੁਣ ਉਹ ਜਿਵੇਂ ਤਰਸ ਨਾਲ ਭਰ ਗਿਆ ਹੋਵੇ ਉਹ ਬੋਲ ਵੀ ਨਹੀਂ ਸੀ ਪਾ ਰਿਹਾ। ਉਸਨੇ ਬੜੇ ਹੀ ਪਿਆਰ ਨਾਲ ਕਿਹਾ...

'ਅਦਿੱਤੀ ਮੈਂ ਚਾਹੁੰਦਾ ਹਾਂ ਕਿ ਮੈਂ ਤੈਨੂੰ ਪਿਆਰ ਕਰਾਂ। ਪਰ ਮੈਂ ਕੀ ਕਰਾਂ ਮੈਨੂੰ ਇੰਝ ਲੱਗਦਾ ਜਿਵੇਂ ਮੈਂ ਪ੍ਰੀਤਾ ਬਿਨਾਂ ਇੱਕ ਪਲ ਵੀ ਜੀਅ ਨਹੀਂ ਸਕਾਂਗਾ।'

'ਗੋਵਿੰਦ ਮੈਨੂੰ ਅਪਣਾ ਲਵੋ ਬਸ। ਫਿਰ ਸਭ ਠੀਕ ਹੋ ਜਾਵੇਗਾ। ਆਪਾਂ ਛੇਤੀ ਹੀ ਵਿਆਹ ਕਰ ਲਵਾਂਗੇ। ਮੈਂ ਛੇਤੀ ਹੀ ਤੁਹਾਨੂੰ ਪ੍ਰੀਤਾ ਨੂੰ ਭੁਲਾ ਦਿਆਂਗੀ। ਬਸ ਤੁਸੀਂ ਮੇਰੇ ਹੋ ਜਾਵੋ।'

'ਮੈਂ ਕੀ ਕਰਾਂ ਅਦਿੱਤੀ ਯਾਰ। ਹੁਣ ਮੈਂ ਇਕੱਲਾ ਨਹੀਂ ਰਹਿ ਸਕਦਾ,

ਮੈਨੂੰ ਨਹੀਂ ਪਤਾ ਮੈਂ ਉਹ ਇਨਸਾਨ ਕਿਵੇਂ ਬਣਾ ਜਿਸ ਨਾਲ ਤੂੰ ਰਹਿਣਾ ਚਾਹੁੰਦੀ ਏ। ਐਸਾ ਸਾਥੀ ਜੋ ਤੇਰੇ ਲਾਇਕ ਹੋਵੇ। ਮੈਂ ਤੇਰੇ ਲਾਇਕ ਨਹੀਂ ਹਾਂ। ਮੈਂ ਨਹੀਂ ਜਾਣਦਾ ਇਹ ਕਿਵੇਂ ਬਣਾ?'

'ਮੈਂ ਜਾਣਦੀ ਹਾਂ ਤੁਹਾਨੂੰ,

ਤੁਸੀਂ ਬਣ ਸਕਦੇ ਹੋ,

ਥੋੜ੍ਹਾ ਵਕਤ ਰੁਕਜੋ ਆਪਾਂ ਇਸ 'ਚੋਂ ਬਾਹਰ ਨਿਕਲਾਂਗੇ,

ਉਹ ਵੀ ਇਕੱਠੇ,

ਅਗਰ ਤੁਸੀਂ ਚਾਹੁੰਦੇ ਹੋ ਤਾਂ?'

'ਹਾਂ ਮੈਂ ਚਾਹੁੰਦਾ ਹਾਂ ਇਹ ਸਭ 'ਚੋਂ ਛੇਤੀ ਬਾਹਰ ਨਿਕਲਾ।'

'ਬਸ ਮੈਨੂੰ ਫਿਰ ਕਿਸੇ ਦੀ ਪਰਵਾਹ ਨਹੀਂ। ਤੁਹਾਨੂੰ ਕੋਈ ਮੇਰੇ ਤੋਂ ਵੱਖ ਨਹੀਂ ਕਰ ਸਕਦਾ।'

"ਗੋਵਿੰਦ ਨੇ ਮੈਨੂੰ ਘੁੱਟ ਕਲਾਵੇਂ ਵਿੱਚ ਭਰ ਲਿਆ ਤੇ ਮੈਨੂੰ ਪਤਾ ਹੀ ਨਾ ਲੱਗਾ ਕਦ ਮੈਂ ਉਸਦੇ ਲਬਾਂ ਨੂੰ ਚੁੰਮਣ ਲੱਗੀ। ਫਿਰ ਅਸੀਂ ਚੁੰਮਣ ਤੱਕ ਸੀਮਤ ਨਾ ਰਹਿ ਸਕੇ ਤੇ ਪਤਾ ਹੀ ਨਾ ਲੱਗੇ ਕਦ ਦੋ ਜਿਸਮ ਇੱਕ ਜਾਨ ਹੋ ਗਏ। ਇਸ ਵਿੱਚ ਗੋਵਿੰਦ ਤਾਂ ਬਸ ਸਾਥ ਦੇ ਰਿਹਾ ਸੀ। ਜੋ ਵੀ ਹੋਇਆ ਉਸਦੀ ਸ਼ੁਰੂਆਤ ਮੈਂ ਹੀ ਕੀਤੀ। ਮੈਂ ਇਹ ਸਭ ਕਰਨਾ ਤਾਂ ਨਹੀਂ ਸੀ ਚਾਹੁੰਦੀ ਪਰ ਅਣਜਾਣੇ ਵਿੱਚ, ਭਾਵਨਾਵਾਂ ਵਿੱਚ ਵਹਿੰਦੇ ਪਤਾ ਹੀ ਨਾ ਲੱਗਾ ਇਹ ਕਿੰਝ ਹੋ ਗਿਆ। ਮੁਆਫ ਕਰਦੀ ਪਰਨੀਤ ਮੈਨੂੰ ਤੇ ਗੋਵਿੰਦ ਨੂੰ ਜੋ ਵੀ ਸਭ ਹੋਇਆ ਉਸ ਲਈ। ਮੈਂ ਉਹ ਸਭ ਬਦਲ ਤਾਂ ਨਹੀਂ ਸਕਦੀ ਪਰ ਅਗਰ ਤੈਨੂੰ ਕੋਈ ਇਤਰਾਜ ਨਹੀਂ ਸਾਡੀ ਇਸ ਗਲਤੀ ਉੱਪਰ ਤਾਂ ਮੈਂ ਅੱਜ ਹੀ ਪਿੱਛੇ ਹੱਟ ਜਾਵਾਂਗੀ। ਗੋਵਿੰਦ ਤੇਰਾ ਹੈ ਤੇ ਤੇਰਾ ਹੀ ਬਣ ਰਹੇਗਾ।"

ਅਦਿੱਤੀ ਦੀਆਂ ਗੱਲਾਂ ਸੁਣ ਮੈਂ ਪੂਰੀ ਤਰ੍ਹਾਂ ਭਰ ਗਈ। ਮੈਂ ਜਿਸ ਕੁੜੀ ਨੂੰ ਸਭ ਤੋਂ ਚੰਗੀ ਸਮਝਦੀ ਸੀ ਉਹ ਇੰਝ ਕਰੇਗੀ ਮੈਨੂੰ ਭੋਰਾ ਉਮੀਦ ਨਹੀਂ ਸੀ। ਜਿਸਨੇ ਮਹਾਨ ਹੋਣ ਦਾ ਦਾਅਵਾ ਕਰ ਸਭ ਲੁੱਟ ਲਿਆ ਹੋਵੇ ਉਸ ਦੀਆਂ ਗੱਲਾਂ ਸੁਣ ਮੈਨੂੰ ਖੁਦ ਉੱਪਰ ਸ਼ਰਮਿੰਦਗੀ

ਮਹਿਸੂਸ ਹੋਈ ਕਿ ਮੈਂ ਇਸਦੀ ਖਾਤਰ ਗੋਵਿੰਦ ਦਾ ਤਿਆਗ ਕਰਨ ਦੀ ਸੋਚ ਰਹੀ ਸੀ। ਭਾਂਵੇ ਉਸਨੇ ਗੋਵਿੰਦ ਨੂੰ ਆਨੇ ਬਹਾਨੇ ਮੇਰੇ ਤੋਂ ਖੋਹ ਹੀ ਲਿਆ ਹੋਵੇ ਪਰ ਗੋਵਿੰਦ ਇੰਝ ਮੇਰੇ ਤੋਂ ਹਮੇਸ਼ਾ ਲਈ ਵੱਖ ਹੋਵੇਗਾ। ਮੈਂ ਇਹ ਸੁਪਨੇ ਵਿੱਚ ਵੀ ਨਹੀਂ ਸੀ ਸੋਚ ਸਕਦੀ। ਮੈਂ ਆਪਣੇ ਅੱਥਰੂ ਪੂੰਝਦੀ ਬਿਨਾਂ ਕੁਝ ਬੋਲੇ ਕਾਲਜ ਤੋਂ ਬਾਹਰ ਨੂੰ ਤੁਰ ਪਈ। ਮੇਰਾ ਇੱਕ ਪਲ ਵੀ ਉੱਥੇ ਰੁਕਣ ਨੂੰ ਜੀਅ ਨਾ ਕੀਤਾ। ਅਦਿੱਤੀ ਮੈਨੂੰ ਆਵਾਜ਼ਾਂ ਲਾਉਂਦੀ ਰਹੀ ਪਰ ਮੈਂ ਰੁਕੀ ਨਾ।

ਮੈਂ ਆਟੋ ਰਿਕਸ਼ਾ ਲਿਆ ਤੇ ਭਰੀ ਪੀਤੀ ਘਰ ਆ ਗਈ। ਘਰ ਪਹੁੰਚੀ ਤੇ ਮੈਂ ਸਿੱਧਾ ਆਪਣੇ ਕਮਰੇ ਵਿੱਚ ਜਾ ਕੁੰਡੀ ਲਾ ਲਈ। ਮੇਰੀਆਂ ਅੱਖੀਆਂ ਦਾ ਪਾਣੀ ਰੁਕ ਹੀ ਨਹੀਂ ਸੀ ਰਿਹਾ। ਮੇਰੇ ਰੋਣ ਦੀ ਆਵਾਜ਼ ਕਮਰੇ ਤੋਂ ਬਾਹਰ ਤੱਕ ਵੀ ਸੁਣਾਈ ਦੇ ਰਹੀ ਸੀ। ਮੇਰੀ ਆਵਾਜ਼ ਸੁਣ ਮੇਰੀ ਮੰਮੀ ਆਈ ਤੇ ਬੂਹਾ ਖੜਕਾਉਂਦੀ ਹੋਈ ਬੋਲੀ...

"ਪ੍ਰੀਤਾ... ਕੀ ਹੋਇਆ ਪ੍ਰੀਤਾ?"

ਮੈਂ ਆਪਣੇ ਅੱਥਰੂ ਪੂੰਝਦੀ, ਖੁਦ ਨੂੰ ਸੰਭਾਲਦੀ ਹੋਈ ਬੋਲੀ...

"ਕੁਝ ਨਹੀਂ ਮੰਮੀ।"

"ਬੂਆ ਖੋਲ੍ਹ ਪੁੱਤ। ਤੂੰ ਰੋਣ ਕਿਉਂ ਡਈ ਏ?"

"ਕੁਝ ਨਹੀਂ ਮੰਮੀ ਬਸ ਉਦਾਂ ਲੱਗਦਾ ਤੁਹਾਨੂੰ। ਮੈਂ ਠੀਕ ਆ।"

"ਬੂਆ ਖੋਲ੍ਹ ਮੇਰਾ ਪੁੱਤ।"

ਮੈਂ ਮੰਮੀ ਨੂੰ ਬਹੁਤਾ ਆਪਣੇ ਤੋਂ ਦੂਰ ਨਹੀਂ ਸੀ ਰੱਖ ਸਕਦੀ ਤੇ ਨਾ ਹੀ ਮੰਮੀ ਇਸ ਤਰ੍ਹਾਂ ਮੈਨੂੰ ਰੋਂਦੇ ਦੇਖ ਦੂਰ ਰਹਿ ਸਕਦੀ ਸੀ। ਮਾਂ ਜੋ ਹੋਈ ਫਿਰ। ਕਿੱਦਾਂ ਆਪਣੀ ਔਲਾਦ ਨੂੰ

ਦੁਖੀ ਦੇਖ ਇਕੱਲਿਆਂ ਛੱਡ ਸਕਦੀ ਏ। ਮੈਂ ਆਪਣੀ ਚੁੰਨੀ ਨਾਲ ਹੰਝੂ ਪੂੰਝੇ ਤੇ ਬੂਹਾ ਖੋਲ੍ਹਿਆ। ਮੈਂ ਜਿਉਂ ਹੀ ਬੂਹਾ ਖੋਲ੍ਹਿਆ ਮੰਮੀ ਨੇ ਫਿਰ ਤੋਂ ਪੁੱਛਿਆ...

"ਕੀ ਹੋਇਆ ਪੁੱਤ? ਰੋਣ ਕਿਉਂ ਡਈ ਸੀ?"

ਮੈਂ ਬਥੇਰਾ ਜੋਰ ਲਾਇਆ ਕਿ ਮੰਮੀ ਸਾਹਮਣੇ ਰੋਵਾਂ ਨਾ ਪਰ ਖੁਦ ਨੂੰ ਕਿੰਨਾ ਕੁ ਰੋਕ ਸਕਦੀ ਸੀ। ਮੈਂ ਜਿੰਨਾ ਰੋਕਣ ਦੀ ਕੋਸ਼ਿਸ਼ ਕਰਦੀ ਹੋਰ ਭਰ ਜਾਂਦੀ। ਮੈਂ ਖੁਦ ਨੂੰ ਰੋਕ ਨਾ ਪਾਈ ਤੇ ਉੱਚੀ-ਉੱਚੀ ਆਪਣੀ ਮਾਂ ਦੇ ਗਲ ਲੱਗ ਰੋਣ ਲੱਗੀ। ਮਾਂ ਜਿਵੇਂ ਸਭ ਪਹਿਲਾਂ ਹੀ ਜਾਣਦੀ ਹੋਵੇ। ਉਹ ਮੈਨੂੰ ਚੁੱਪ ਕਰਾਉਂਦੀ ਹੋਈ ਬੋਲੀ..

"ਨਾ-ਨਾ ਮੇਰਾ ਪੁੱਤ ਦਿਲ ਛੋਟਾ ਨਹੀਂ ਕਰੀਦਾ। ਚੁੱਪ ਕਰ। ਕੋਈ ਨਾ ਸਭ ਠੀਕ ਹੋ ਜਾਵੇਗਾ।"

ਮੈਂ ਰੋਂਦੀ-ਰੋਂਦੀ ਬੋਲੀ...

"ਮੰਮੀ ਗੋਵਿੰਦ ਮੈਨੂੰ ਪਿਆਰ ਨਹੀਂ ਕਰਦਾ।"

"ਚੁੱਪ ਕਰ ਪੁੱਤ ਮੇਰਾ। ਫਿਰ ਕੀ ਹੋਇਆ ਨਹੀਂ ਕਰਦਾ ਤੇ। ਦੁਨੀਆ ਤੇ ਚੰਗੇ ਮੁੰਡਿਆਂ ਦੀ ਕਮੀ ਆ। ਦੇਖੀ ਮੈਂ ਤੇਰੇ ਲਈ ਸਭ ਤੋਂ ਸੋਹਣਾ ਤੇ ਵਧੀਆ ਮੁੰਡਾ ਲੱਭੂਗੀ। ਤੂੰ ਐਵੇਂ ਰੋਈ ਨਾ ਜਾ। ਦਫਾ ਹੋਣ ਦੇ ਪਰਾਂ ਉਹਨੂੰ। ਚੁੱਪ ਕਰ ਮੇਰਾ ਪੁੱਤ।"

ਮਾਂ ਬਥੇਰਾ ਜੋਰ ਲਾ ਰਹੀ ਸੀ ਚੁੱਪ ਕਰਵਾਉਣ ਲਈ। ਪਰ ਮੈਂ ਚੁੱਪ ਨਹੀਂ ਸੀ ਕਰ ਰਹੀ। ਫਿਰ ਜਿਵੇਂ-ਜਿਵੇਂ ਮੇਰੀ ਮਾਂ ਮੈਨੂੰ ਹੌਸਲਾ ਦਿੰਦੀ ਰਹੀ। ਮੈਨੂੰ ਪਲੋਸ ਪਿਆਰ ਕਰਦੀ ਰਹੀ। ਮੇਰਾ ਰੋਣਾ ਘੱਟ ਹੁੰਦਾ ਗਿਆ। ਮੰਮੀ ਨੇ ਬੜੇ ਚਿਰ ਤੱਕ ਮੈਨੂੰ ਗਲ ਨਾਲ ਲਾਈ ਰੱਖਿਆ। ਜਦੋਂ ਮੈਂ ਪੂਰੀ ਤਰ੍ਹਾਂ ਚੁੱਪ ਹੋ ਗਈ ਤਾਂ ਮੰਮੀ ਨੇ ਮੈਨੂੰ ਖੁਦ ਨਾਲੋਂ ਵੱਖ ਕੀਤਾ ਤੇ ਮੇਰੇ ਲਈ ਪਾਣੀ ਦਾ ਗਿਲਾਸ ਭਰ ਲਿਆਈ। ਮੈਂ ਘੁੱਟ ਕੁ ਪਾਣੀ ਪੀਤਾ ਤੇ ਫਿਰ ਇੱਕ ਪਾਸੇ ਰੱਖ

ਦਿੱਤਾ। ਮੇਰੀ ਮੰਮੀ ਮੇਰੇ ਕੋਲੋਂ ਇੱਕ ਪਲ ਵੀ ਨਾ ਹਿੱਲੀ। ਉਹ ਬਸ ਮੈਨੂੰ ਹੌਸਲਾ ਦੇਂਦੀ ਮਰਦਾਂ ਦੀਆਂ ਕਮਜੋਰੀਆਂ ਤੇ ਉਹਨਾਂ ਦੇ ਖੂਬਸੂਰਤ ਔਰਤਾਂ ਨੂੰ ਦੇਖ ਬਦਲਦੇ ਚਰਿੱਤਰ ਬਾਰੇ ਦੱਸਦੀ ਰਹੀ।

ਮੈਂ ਇਹ ਜਾਣ ਗਈ ਸੀ ਕਿ ਮਰਦ ਨੂੰ ਬਸ ਜਿਸਮ ਦੀ ਭੁੱਖ ਨਾਲ ਮਤਲਬ ਹੈ। ਕਿੰਨਾ ਵੀ ਚੰਗਾ ਜਾਂ ਮਹਾਨ ਮਰਦ ਕਿਉਂ ਨਾ ਹੋਵੇ ਇੱਕ ਖੂਬਸੂਰਤ ਔਰਤ ਦਾ ਬਦਨ ਉਸਨੂੰ ਪਲਾਂ ਵਿੱਚ ਆਪਣੇ ਵੱਸ ਵਿੱਚ ਕਰ ਸਕਦਾ ਹੈ। ਉਸਦੀ ਮਹਾਨਤਾ, ਉਸਦੀ ਚੰਗਿਆਈ ਪਲਾਂ ਵਿੱਚ ਹੀ ਰਾਖ ਹੋ ਜਾਂਦੀ ਹੈ। ਕਿਸੇ ਵੀ ਔਰਤ ਦੇ ਉਭਰੇ ਅੰਗਾਂ ਦੀ ਲਾਲਸਾ ਉਸਦੀ ਇਮਾਨਦਾਰੀ ਨੂੰ ਦਾਗਾਂ ਨਾਲ ਭਰ ਸਕਦੀ ਹੈ। ਗੋਵਿੰਦ ਨੂੰ ਵੀ ਮੈਂ ਕਿੰਨਾ ਚੰਗਾ ਸਮਝਦੀ ਰਹੀ। ਉਹ ਬੀਤੀ ਰਾਤ ਤਾਂ ਮੇਰੇ ਜਿਸਮ ਨਾਲ ਖੇਡਣ ਦੀ ਜੱਦੋ ਜਹਿਤ ਕਰ ਰਿਹਾ ਸੀ ਪਰ ਜਦੋਂ ਉਸਨੂੰ ਅਦਿੱਤੀ ਤੋਂ ਆਪਣੀ ਸਰੀਰਕ ਭੜਾਸ ਕੱਢਣ ਦਾ ਮੌਕਾ ਮਿਲਿਆ ਤਾਂ ਉਸਨੇ ਇੱਕ ਪਲ ਲਈ ਵੀ ਮੇਰੇ ਬਾਰੇ ਨਾ ਸੋਚਿਆ। ਉਸਨੂੰ ਜਿੱਥੇ ਪਿਆਰ ਦਿਖਿਆ ਬਸ ਢੇਰੀ ਹੋ ਗਿਆ। ਮੈਂ ਸੋਚਦੀ ਸੋਚਦੀ ਪਤਾ ਨਹੀਂ ਕਿਹੜੇ ਖਿਆਲਾਂ ਵਿੱਚ ਗੁੰਮ ਸੀ। ਮੈਂ ਆਪਣੀ ਮਾਂ ਨੂੰ ਪੁੱਛਿਆ...

"ਮੰਮੀ ਕੀ ਸਾਰੇ ਬੰਦੇ ਇਹੋ ਜਿਹੇ ਹੀ ਹੁੰਦੇ ਨੇ। ਜਿੱਥੇ ਮੌਕਾ ਮਿਲਿਆ ਮੂੰਹ ਮਾਰ ਲਿਆ।"

"ਹਾਂ ਵੀ ਤੇ ਨਹੀਂ ਵੀ ਪੁੱਤ। ਦੇਖ ਕੁਝ ਮਰਦ ਹੁੰਦੇ ਨੇ ਜਿੰਨ੍ਹਾਂ ਕਦੇ ਔਰਤ ਦੇ ਨੰਗੇ ਜਿਸਮ ਨੂੰ ਨਾ ਦੇਖਿਆ ਹੋਵੇ ਉਹ ਪਹਿਲੀ ਵਾਰ ਵੇਖਣ ਤੇ ਉਸ ਔਰਤ ਦਾ ਗੁਲਾਮ ਹੋ ਜਾਂਦੇ ਨੇ। ਉਹਨੂੰ ਹੋਰ ਕੁਝ ਦਿਖਾਈ ਹੀ ਨਹੀਂ ਦਿੰਦਾ। ਭਾਵੇਂ ਉਹ ਕਿਸੇ ਹੋਰ ਨਾਲ ਪਿਆਰ ਹੀ ਕਿਉਂ ਨਾ ਕਰਦੇ ਹੋਣ ਉਹ ਸਭ ਭੁੱਲ ਜਾਂਦੇ ਨੇ। ਕਿਉਂਕਿ ਔਰਤ ਦੇ ਅੰਦਰ ਖਿੱਚ ਹੁੰਦੀ ਹੈ ਜੋ ਮਰਦ ਨੂੰ ਭਟਕਾ ਦੇਂਦੀ ਹੈ।

ਕੁਝ ਮਰਦ ਉਹ ਹੁੰਦੇ ਨੇ ਜਿੰਨਾਂ ਨੂੰ ਨਵੇਂ-ਨਵੇਂ ਔਰਤ ਦੇ ਬਦਨ ਦੀ ਖੁਸ਼ਬੂ ਸੁੰਘਣ ਦੀ ਲਾਲਸਾ ਬਣੀ ਰਹਿੰਦੀ ਹੈ। ਉਹ ਹਵਸ਼ ਦੇ ਸ਼ਿਕਾਰ ਹੁੰਦੇ ਨੇ। ਉਹਨਾਂ ਅੱਗੇ ਕਿਸੇ ਵੀ ਤਰ੍ਹਾਂ ਦੀ ਔਰਤ ਕਿਉਂ ਨਾ ਹੋਵੇ ਉਹਨਾਂ ਨੂੰ ਭੋਰਾ ਫਰਕ ਨਹੀਂ ਪੈਂਦਾ। ਉਹਨਾਂ ਨੂੰ ਬਸ ਨਵੀਂ ਤੋਂ ਨਵੀਂ ਔਰਤ ਨੂੰ ਨੰਗਾ ਦੇਖਣ ਦੀ ਚਾਹਤ ਹੁੰਦੀ ਹੈ।

ਕੁਝ ਮਰਦ ਐਸੇ ਵੀ ਹੁੰਦੇ ਨੇ ਜਿੰਨਾਂ ਨੂੰ ਔਰਤ ਦਾ ਜਿਸਮ ਆਪਣੀ ਤਰਫ ਖਿੱਚ ਨਹੀਂ ਸਕਦਾ। ਬੇਸ਼ੱਕ ਉਹਨਾਂ ਨੂੰ ਔਰਤਾਂ ਦਾ ਜਿਸਮ ਲੁਭਾਉਂਦਾ ਹੈ। ਪਰ ਉਹਨਾਂ ਦਾ ਆਪਣੇ ਆਪ ਉੱਤੇ ਵੱਸ ਹੁੰਦਾ ਹੈ। ਉਹ ਜਿਸਨੂੰ ਪਿਆਰ ਕਰਦੇ ਨੇ ਉਸੇ ਨਾਲ ਹੀ ਹਮ ਬਿਸਤਰ ਹੋਣ ਦੀ ਚਾਹਤ ਰੱਖਦੇ ਨੇ। ਉਹਨਾਂ ਅੱਗੇ ਭਾਵੇਂ ਵਿਸ਼ਵ ਸੁੰਦਰੀ ਵੀ ਕਿਉਂ ਨਾ ਕੱਪੜੇ ਉਤਾਰ ਨੰਗਾ ਨਾਚ ਕਰੇ। ਉਹਨਾਂ ਨੂੰ ਭੋਰਾ ਫਰਕ ਨਹੀਂ ਪੈਂਦਾ। ਹਾਲਾਂਕਿ ਐਸੇ ਮਰਦ ਬਹੁਤ ਘੱਟ ਨੇ।

ਪਰ ਇਹ ਗੱਲਾਂ ਸਿਰਫ ਮਰਦਾਂ ਤੇ ਲਾਗੂ ਨਹੀਂ ਹੁੰਦੀਆਂ ਤੈਨੂੰ ਪਤਾ ਹੀ ਆ ਕਈ ਔਰਤਾਂ ਵੀ ਮਰਦ ਬਦਲ-ਬਦਲ ਸਵਾਦ ਲੈਂਦੀਆਂ ਨੇ। ਮਤਲਬ ਨਾ ਤਾਂ ਸਾਰੀਆਂ ਔਰਤਾਂ ਇੱਕ ਸਮਾਨ ਨੇ ਤੇ ਨਾ ਹੀ ਸਾਰੇ ਮਰਦ। ਏਥੇ ਸਭ ਕੁਝ ਰਲਵਾਂ ਹੈ। ਪਹਿਚਾਣ ਨਹੀਂ ਕੀਤੀ ਜਾ ਸਕਦੀ ਕਿ ਕੌਣ ਸਹੀ ਹੈ ਤੇ ਕੌਣ ਗਲਤ। ਕਿਸੇ ਨਾਲ ਵੀ ਵਕਤ ਗੁਜਾਰਨ ਪਿੱਛੋਂ ਹੀ ਉਸਦੇ ਚੰਗੇ ਮਾੜੇ ਚਰਿੱਤਰ ਦਾ ਅਨੁਭਵ ਹੁੰਦਾ ਹੈ। ਆਪਾਂ ਪਹਿਲਾਂ ਪਰਖ ਨਹੀਂ ਕਰ ਸਕਦੇ।"

ਮੰਮੀ ਨੇ ਮੈਨੂੰ ਮਰਦ ਤੇ ਔਰਤਾਂ ਦੇ ਚਰਿੱਤਰਾਂ ਬਾਰੇ ਚੰਗੀ ਤਰ੍ਹਾਂ ਖੋਲ੍ਹ ਬਿਆਨ ਕੀਤਾ ਸੀ। ਮੈਂ ਪਹਿਲਾਂ ਕਦੇ ਵੀ ਆਪਣੀ ਮੰਮੀ ਨਾਲ ਅਜਿਹੀਆਂ ਗੱਲਾਂ ਨਹੀਂ ਸਨ ਕੀਤੀਆਂ। ਉਹਨਾਂ ਦੀਆਂ ਗੱਲਾਂ ਮੈਨੂੰ ਸੋਲ਼ਾਂ ਆਨੇ ਖਰੀਆਂ ਲੱਗੀਆਂ। ਮੈਂ ਫਿਰ ਤੋਂ ਸੋਚੀਂ ਪੈ ਗਈ ਕਿ "ਫਿਰ ਮੇਰਾ ਚਰਿੱਤਰ ਕਿਵੇਂ ਦਾ ਹੈ? ਮੈਂ ਵੀ ਤਾਂ ਹਵਸ਼ ਦਾ ਸ਼ਿਕਾਰ ਹੋਈ ਸੀ ਜਦੋਂ ਗੋਵਿੰਦ ਨੇ

ਮੈਨੂੰ ਹੱਥ ਲਾਇਆ ਸੀ। ਜਦੋਂ ਗੋਵਿੰਦ ਨੇ ਮੇਰੇ ਲਬਾਂ ਨੂੰ ਛੂਹਿਆ ਸੀ। ਮੈਂ ਵੀ ਨਹੀਂ ਸੀ ਰੋਕਣਾ ਚਾਹੁੰਦੀ ਉਸਨੂੰ। ਅਗਰ ਉਸ ਰਾਤ ਮੰਮੀ ਬੂਹਾ ਨਾ ਖੜਕਾਉਂਦੇ ਤਾਂ ਸ਼ਾਇਦ ਜੋ ਅਦਿੱਤੀ ਤੇ ਗੋਵਿੰਦ ਵਿਚਕਾਰ ਜਿਸਮਾਨੀ ਸਬੰਧ ਬਣੇ ਉਹ ਸ਼ਾਇਦ ਮੇਰੇ ਤੇ ਗੋਵਿੰਦ ਵਿੱਚ ਬਣ ਜਾਂਦੇ। ਪਰ ਕੀ ਇਹ ਠੀਕ ਹੁੰਦਾ? ਅਗਰ ਗੋਵਿੰਦ ਤੇ ਮੇਰੇ ਵਿੱਚ ਉਸ ਰਾਤ ਸਬੰਧ ਬਣੇ ਹੁੰਦੇ ਤਾਂ ਕੀ ਗੋਵਿੰਦ ਤੇ ਅਦਿੱਤੀ ਵਿੱਚ ਕੋਈ ਸਬੰਧ ਬਣਦਾ।" ਮੈਂ ਕਈ ਤਰ੍ਹਾਂ ਦੀਆਂ ਸੋਚਾਂ ਸੋਚ ਰਹੀ ਸੀ। ਕਦੇ ਮਨ ਕਹੇ "ਕਿ ਕਾਸ਼ ਮੇਰੇ ਤੇ ਗੋਵਿੰਦ ਵਿੱਚ ਉਹ ਸਭ ਹੋਇਆ ਹੁੰਦਾ ਤਾਂ ਗੋਵਿੰਦ ਮੇਰਾ ਹੁੰਦਾ।" ਕਦੇ ਮਨ ਕਹੇ "ਕਿ ਚੰਗਾ ਹੋਇਆ ਸਾਡੇ ਵਿੱਚ ਕੁਝ ਨਹੀਂ ਹੋਇਆ। ਅਗਰ ਸਾਡੇ ਵਿੱਚ ਕੁਝ ਹੋਣ ਤੋਂ ਬਾਅਦ ਵੀ ਉਹ ਅਦਿੱਤੀ ਨਾਲ ਸਬੰਧ ਬਣਾ ਲੈਂਦਾ ਤਾਂ ਮੈਂ ਸਾਰੀ ਉਮਰ ਖੁਦ ਨੂੰ ਕੋਸਣਾ ਸੀ। ਗੋਵਿੰਦ ਦਾ ਕੀ ਭਰੋਸਾ। ਜੋ ਇੱਕ ਰਾਤ ਮੈਨੂੰ ਪਾਉਣ ਦੀ ਚਾਹਤ ਦਾ ਸ਼ਿਕਾਰ ਸੀ ਉਹ ਅਗਲੀ ਰਾਤ ਅਦਿੱਤੀ ਨੂੰ ਪਾਉਣ ਲਈ ਤਰਲੇ ਕਰ ਰਿਹਾ ਸੀ। ਜੋ ਹੋਇਆ ਚੰਗਾ ਹੋਇਆ।"

ਮੈਂ ਆਪਣੇ ਮਨ ਨੂੰ ਦਿਲਾਸੇ ਦੇ ਰਹੀ ਸੀ ਪਰ ਅੰਦਰੋਂ ਅੰਦਰੀ ਪੂਰੀ ਤਰ੍ਹਾਂ ਟੁੱਟੀ ਪਈ ਸੀ। ਮੈਂ ਫਿਰ ਤੋਂ ਮੰਮੀ ਨੂੰ ਪੁੱਛਿਆ...

"ਮੰਮੀ ਤੁਹਾਨੂੰ ਪਤਾ ਸੀ ਨਾ ਕਿ ਉਸ ਰਾਤ ਗੋਵਿੰਦ ਮੇਰੇ ਕਮਰੇ ਵਿੱਚ ਸੀ।"

"ਹਾਂ ਮੈਨੂੰ ਪਤਾ ਸੀ।"

"ਫਿਰ ਤੁਸੀਂ ਓਸੇ ਵੇਲੇ ਮੈਨੂੰ ਝਿੜਕਿਆ ਕਿਉਂ ਨਹੀਂ?"

"ਕਿਉਂਕਿ ਮੈਨੂੰ ਆਪਣੀ ਧੀ ਤੇ ਪੂਰਾ ਯਕੀਨ ਆ ਕਿ ਉਹ ਕਦੇ ਕੋਈ ਗਲਤ ਕਦਮ ਨਹੀਂ ਪੁੱਟੇਗੀ। ਜੋ ਵੀ ਕਰੇਗੀ ਆਪਣੇ ਪਰਿਵਾਰ ਦੀ ਇੱਜਤ ਨੂੰ ਸਾਹਮਣੇ ਰੱਖ ਕਰੇਗੀ। ਮੈਨੂੰ ਪਤਾ ਤੂੰ ਸਮਝਦਾਰ ਏ। ਮੈਨੂੰ, ਤੈਨੂੰ ਕੋਈ ਵੀ ਗੱਲ ਸਮਝਾਉਣ ਦੀ ਲੋੜ ਨਹੀਂ ਆ।"

ਮੇਰੀ ਮੰਮੀ ਦਾ ਮੇਰੇ ਤੇ ਵਿਸ਼ਵਾਸ ਦੇਖ ਮੈਂ ਖੁਦ ਨੂੰ ਸ਼ਰਮਿੰਦਾ ਮਹਿਸੂਸ ਕਰਨ ਲੱਗੀ। ਕਿਉਂਕਿ ਮੈਂ ਬਿਲਕੁਲ ਉਸਦੇ ਉਲਟ ਸੀ। ਮੈਂ ਉਹਨਾਂ ਦੀ ਇੱਜਤ ਨੂੰ ਰੋਲਣ ਵਿੱਚ ਕੋਈ ਕਸਰ ਨਹੀਂ ਸੀ ਛੱਡੀ। ਮੈਂ ਮੰਮੀ ਨੂੰ ਕੀ ਜੁਆਬ ਦੇਵਾਂ ਮੈਨੂੰ ਸਮਝ ਨਾ ਲੱਗੀ। ਮੈਂ ਬਿਨਾਂ ਕੁਝ ਬੋਲੇ ਲੰਮੇ ਪੈ ਗਈ। ਪਰ ਮਨ ਵਿੱਚ ਟਿਕਾ ਨਹੀਂ ਸੀ ਬਣ ਰਿਹਾ। ਮੈਂ ਇੱਕ ਦੋ ਮਿੰਟ ਰੁਕ ਫਿਰ ਤੋਂ ਮੰਮੀ ਨੂੰ ਪੁੱਛਿਆ...

"ਮੰਮੀ ਤੁਹਾਨੂੰ ਕੀ ਲੱਗਦਾ ਮੈਨੂੰ ਗੋਵਿੰਦ ਨਾਲ ਗੱਲ ਕਰਨੀ ਚਾਹੀਦੀ ਇੱਕ ਵਾਰ ਜਾਂ ਨਹੀਂ?"

"ਇਹ ਤੇਰੀ ਮਰਜੀ ਆ ਪੁੱਤ। ਤੂੰ ਗੱਲ ਕਰ ਜਾਂ ਨਾ ਕਰ ਇਸ ਨਾਲ ਕੁਝ ਵੀ ਬਦਲਣ ਵਾਲਾ ਤਾਂ ਨਹੀਂ ਆ। ਇਹ ਤੇਰਾ ਫੈਸਲਾ ਏ। ਵੈਸੇ ਮੈਂ ਹੁੰਦੀ ਤਾਂ ਜਰੂਰ ਇੱਕ ਵਾਰ ਗੱਲ ਕਰਦੀ। ਤੇਰੀ ਏਨੀ ਪੁਰਾਣੀ ਦੋਸਤੀ ਆ ਉਸ ਨਾਲ। ਪੁੱਛਣ ਦਾ ਹੱਕ ਹੈ ਤੇਰਾ। ਬਾਕੀ ਤੂੰ ਸਮਝਦਾਰ ਹੈ।"

ਮੈਂ ਸੋਚਿਆ "ਮੰਮੀ ਸਹੀ ਆਖਦੀ ਏ। ਮੈਨੂੰ ਇੱਕ ਵਾਰ ਤਾਂ ਜਰੂਰ ਪੁੱਛਣਾ ਚਾਹੀਦਾ ਹੈ। ਕੀ ਪਤਾ ਅਦਿੱਤੀ ਮੈਨੂੰ ਗੋਵਿੰਦ ਤੋਂ ਦੂਰ ਕਰਨ ਲਈ ਝੂਠ ਹੀ ਨਾ ਬੋਲਦੀ ਹੋਵੇ। ਜੋ ਇੱਕ ਰਾਤ ਕੁਝ ਹੋਰ ਤੇ ਦੂਜੀ ਹੀ ਰਾਤ ਮਨ ਬਦਲ ਲਵੇ। ਉਸਦਾ ਭਰੋਸਾ ਕਰਨਾ ਵੀ ਠੀਕ ਨਹੀਂ। ਨਾਲੇ ਮੈਂ ਕਿਹੜਾ ਅਦਿੱਤੀ ਨੂੰ ਚੰਗੀ ਤਰ੍ਹਾਂ ਜਾਣਦੀ ਹਾਂ। ਉਸਦੀਆਂ ਗੱਲਾਂ ਉੱਤੇ ਕਿਉਂ ਯਕੀਨ ਕਰਾਂ? ਗੋਵਿੰਦ ਮੇਰੇ ਨਾਲ ਇੰਝ ਨਹੀਂ ਕਰ ਸਕਦਾ। ਉਹ ਤਾਂ ਮੈਨੂੰ ਬਹੁਤ ਪਿਆਰ ਕਰਦਾ ਏ। ਮੈਂ ਗੋਵਿੰਦ ਨਾਲ ਜਰੂਰ ਗੱਲ ਕਰਾਂਗੀ।" ਮੈਂ ਇਹੀ ਸੋਚਦੀ-ਸੋਚਦੀ ਕਦ ਸੌਂ ਗਈ ਮੈਨੂੰ ਪਤਾ ਹੀ ਨਾ ਲੱਗਾ।

ਸ਼ਾਮ ਦੇ ਸੱਤ ਵਜੇ ਕਰੀਬ ਮੇਰੀ ਅੱਖ ਖੁੱਲ੍ਹੀ ਤੇ ਮੈਂ ਦੇਖਿਆ ਤਾਂ ਗੋਵਿੰਦ ਦੀਆਂ ਦੋ ਮਿਸ ਕਾਲਾਂ ਸਨ। ਮੈਂ ਪਹਿਲਾਂ ਸੋਚਿਆ ਕਿ ਫ਼ੂਨ ਕਰਾਂ। ਫਿਰ ਰੁਕ ਗਈ। ਕੁਝ ਦੇਰ ਰੁਕ ਮੈਂ ਮੂੰਹ ਹੱਥ ਧੋਤੇ ਤੇ ਗੋਵਿੰਦ ਨੂੰ ਮੈਸਜ ਕੀਤਾ...

"ਛੱਤ ਤੇ ਆ ਮੈਂ ਜਰੂਰੀ ਗੱਲ ਕਰਨੀ ਏ।"

ਉਸਨੇ ਉਸੇ ਵੇਲੇ ਹੀ ਮੇਰਾ ਮੈਸਜ ਦੇਖ ਜੁਆਬ ਭੇਜਿਆ...

"ਠੀਕ ਆ ਕਦੋਂ ਕੁ ਆਵਾਂ?"

"ਰੋਟੀ ਖਾ ਮੈਂ ਕਰਦੀ ਮੈਸਜ। ਆਜੀ ਓਸੇ ਵੇਲੇ।"

"ਠੀਕ ਆ।"

ਉਸਨੇ ਜਿਉਂ ਹੀ ਮੈਸਜ ਦਾ ਜੁਆਬ ਦਿੱਤਾ ਮੈਂ ਫ਼ੂਨ ਬੰਦ ਕਰ ਇੱਕ ਪਾਸੇ ਰੱਖ ਦਿੱਤਾ ਤੇ ਰਸੋਈ ਵੱਲ ਚਲੀ ਗਈ। ਦੇਖਿਆ ਤਾਂ ਮੰਮੀ ਰੋਟੀਆਂ ਪਕਾ ਰਹੀ ਸੀ। ਮੈਂ ਫਿਰ ਡਰਾਇੰਗ ਰੂਮ ਵਿੱਚ ਬੈਠ ਗਈ। ਮੰਮੀ ਉੱਥੇ ਹੀ ਮੇਰੇ ਲਈ ਰੋਟੀ ਪਾ ਲੈ ਆਈ। ਮੈਂ ਡੇਢ ਕੁ ਰੋਟੀ ਖਾਧੀ ਤੇ ਹੋਰ ਖਾਣ ਦਾ ਮਨ ਨਾ ਕੀਤਾ। ਵਕਤ ਸਾਢੇ ਅੱਠ ਦੇ ਕਰੀਬ ਹੋ ਗਿਆ। ਮੈਂ ਆਪਣੇ ਕਮਰੇ ਵਿੱਚ ਚਲੀ ਗਈ। ਮੰਮੀ ਵੀ ਰੋਟੀ ਖਾ ਆਪਣੇ ਕਮਰੇ ਵਿੱਚ ਚਲੀ ਗਈ। ਮੈਂ ਫ਼ੂਨ ਚੁੱਕਿਆ ਤੇ ਗੋਵਿੰਦ ਨੂੰ ਮੈਸਜ ਕੀਤਾ...

"ਆਜਾ।"

ਉਹ ਜਿਵੇਂ ਮੇਰੇ ਹੀ ਮੈਸਜ ਦੀ ਉਡੀਕ ਕਰਨ ਡਿਆ ਹੋਵੇ। ਉਸਨੇ ਉਸੇ ਵੇਲੇ ਹੀ ਜੁਆਬ ਭੇਜਿਆ...

"ਆ ਗਿਆ।"

ਮੈਂ ਕੋਟੀ ਪਾਈ ਤੇ ਸ਼ੌਲ ਦੀ ਬੁੱਕਲ ਮਾਰ ਛੱਤ ਉੱਤੇ ਚਲੀ ਗਈ। ਦੇਖਿਆ ਤਾਂ ਗੋਵਿੰਦ ਪਹਿਲਾਂ ਹੀ ਛੱਤ ਉੱਪਰ ਸੀ। ਧੁੰਦ ਬਹੁਤ ਸੀ ਤੇ ਠੰਡ ਵੀ। ਧੁੰਦ ਤਾਂ ਇੰਝ ਸੀ ਜਿਵੇਂ ਬਰਫ ਕਿਰ ਰਹੀ ਹੋਵੇ। ਮੈਨੂੰ ਛੱਤ ਉੱਪਰ ਦੇਖ ਗੋਵਿੰਦ ਛੇਤੀ ਨਾਲ ਕੰਧ ਟੱਪ ਸਾਡੇ ਘਰ ਦੀ ਛੱਤ ਉੱਤੇ ਆ ਗਿਆ ਤੇ ਆਉਂਦੇ ਹੀ ਬੋਲਿਆ...

"ਅੱਜ ਜਿਆਦਾ ਠੰਡ ਨੀ?"

"ਰੋਜ਼ ਹੀ ਏਨੀ ਹੁੰਦੀ ਏ।"

"ਹਾਂ-ਹਾਂ। ਹੋਰ ਕਿੱਦਾਂ।"

"ਠੀਕ ਆ।"

"ਖਾ ਲਈ ਰੋਟੀ?"

"ਮੈਂ ਤੇਰੇ ਨਾਲ ਏਥੇ ਖਾਣ-ਪੀਣ ਬਾਰੇ ਸਵਾਲ ਨਹੀਂ ਕਰਨ ਆਈ। ਮੈਨੂੰ ਬਸ ਇੱਕ ਗੱਲ ਦਾ ਜੁਆਬ ਚਾਹੀਦਾ ਏ। ਮੈਂ ਜਾਣਨਾ ਚਾਹੁੰਦੀ ਹਾਂ ਕਿ ਉਹ ਸੱਚ ਏ ਜਾਂ ਫਿਰ ਝੂਠ।"

"ਹਾਂ।"

"ਕੀ ਹਾਂ?"

"ਜੋ ਵੀ ਤੂੰ ਪੁੱਛਣਾ ਉਸਦਾ ਜੁਆਬ ਆ ਹਾਂ।"

"ਮਤਲਬ?"

"ਮਤਲਬ ਜੋ ਵੀ ਤੈਨੂੰ ਅਦਿੱਤੀ ਨੇ ਦੱਸਿਆ ਉਹ ਸਭ ਸੱਚ ਏ।"

ਮੇਰਾ ਜਿਵੇਂ ਦਿਲ ਹੀ ਬਾਹਰ ਆ ਗਿਆ ਹੋਵੇ। ਮੈਨੂੰ ਇਹ ਉਮੀਦ ਨਹੀਂ ਸੀ ਜੋ ਬੀਤੀਆਂ ਰਾਤਾਂ ਤਰਲੇ ਕਰ-ਕਰ ਮੈਨੂੰ ਪਾਉਣ ਦੀ ਚਾਹਤ ਰੱਖਦਾ ਸੀ ਉਹ ਇਸ ਵਰਤਾਅ ਨਾਲ ਮੈਨੂੰ ਸਿੱਧਾ ਹੀ ਜੁਆਬ ਦੇਵੇਗਾ। ਭਾਵੇਂ ਉਹਨੇ ਕੋਈ ਵੀ ਗਲਤੀ ਕੀਤੀ ਹੋਵੇ। ਪਰ ਇਹ ਉਮੀਦ ਨਹੀਂ ਸੀ ਕਿ ਉਹ ਬਿਨਾਂ ਕੋਈ ਸਫਾਈ ਦਿੱਤੇ ਸਿੱਧਾ ਹੀ ਜੁਆਬ ਘੜ ਮੇਰੇ ਮੱਥੇ ਮਾਰੇਗਾ। ਮੈਂ ਪੂਰੀ ਤਰ੍ਹਾਂ ਭਰ ਗਈ। ਮੈਂ ਫਿਰ ਤੋਂ ਅੱਖਾਂ ਵਿੱਚ ਅੱਥਰੂ ਭਰ ਉੱਥੋਂ ਤੁਰਨ ਲੱਗੀ ਤਾਂ ਗੋਵਿੰਦ ਨੇ ਮੇਰੀ ਬਾਂਹ ਫੜ ਲਈ ਤੇ ਬੋਲਿਆ..

"ਪ੍ਰੀਤਾ ਨਾ ਜਾ ਯਾਰ। ਗੁੱਸਾ ਨਾ ਹੋ।"

"ਹੱਦ ਆ ਗੋਵਿੰਦ ਤੇਰੀ। ਤੈਨੂੰ ਭੋਰਾ ਕਦਰ ਨਹੀਂ। ਤੂੰ ਮੈਨੂੰ ਜਲੀਲ ਕਰਨ 'ਚ ਇੱਕ ਵੀ ਕਸਰ ਨਹੀਂ ਛੱਡੀ। ਤੂੰ ਬਾਂਹ ਛੱਡ ਮੇਰੀ।"

"ਰੁੱਕਜਾ ਪ੍ਰੀਤਾ।"

"ਤੂੰ ਬਾਂਹ ਛੱਡ ਮੇਰੀ।"

ਮੈਂ ਬੜੇ ਹੀ ਗੁੱਸੇ ਵਿੱਚ ਬੋਲੀ ਤੇ ਝਟਕਾ ਦੇ ਆਪਣੀ ਬਾਂਹ ਛਡਾ ਲਈ। ਮੈਂ ਬੜੇ ਹੀ ਗੁੱਸੇ ਵਿੱਚ ਬੋਲੀ...

"ਮੇਰੀ ਗੱਲ ਸੁਣਲਾ ਕੰਨ ਖੋਲ੍ਹ ਕੇ ਜੇ ਅੱਜ ਤੋਂ ਬਾਅਦ ਮੈਨੂੰ ਪ੍ਰੀਤਾ ਕਿਹਾ ਨਾ ਤਾਂ ਮੇਰੇ ਤੋਂ ਬੁਰਾ ਕੋਈ ਨਹੀਂ ਹੋਵੇਗਾ। ਤੈਨੂੰ ਕੋਈ ਹੱਕ ਨਹੀਂ ਮੈਨੂੰ ਪ੍ਰੀਤਾ ਆਖਣ ਦਾ।"

"ਪਰਨੀਤ ਮੁਆਫ ਕਰਦੇ ਯਾਰ ਮੈਂ ਤੇਰੀ ਦੋਸਤੀ ਨਹੀਂ ਗਵਾਉਣਾ ਚਾਹੁੰਦਾ।"

"ਤੂੰ ਮੈਨੂੰ ਮੁਆਫ ਕਰ ਯਾਰ ਤੇ ਕਦੇ ਆਪਣਾ ਮੂੰਹ ਨਾ ਦਿਖਾਈ। ਮੈਂ ਨਹੀਂ ਚਾਹੁੰਦੀ ਤੇਰੇ ਵਰਗੇ ਬੰਦੇ ਨੂੰ ਦੋਸਤ ਆਖਦੇ ਮੈਨੂੰ ਖੁਦ ਤੋਂ ਸ਼ਰਮਿੰਦਾ ਹੋਣਾ ਪਵੇ। ਤੂੰ ਮੈਨੂੰ ਕਦੇ ਮੈਸਜ

ਫੂਨ ਜਾਂ ਕਾਲਜ ਵੀ ਕਵਾਉਣ ਦੀ ਕੋਸ਼ਿਸ਼ ਨਾ ਕਰੀ। ਨਹੀਂ ਤਾਂ ਤੈਨੂੰ ਮੇਰੇ ਗੁੱਸੇ ਦਾ ਪਤਾ ਹੀ ਆ।"

"ਪਰਨੀਤ ਮੈਂ ਮੰਨਦਾ ਮੈਂ ਤੇਰੇ ਨਾਲ ਗਲਤ ਕੀਤਾ ਪਰ ਮੈਂ ਤੈਨੂੰ ਵੀ ਪਿਆਰ ਕਰਦਾ ਵਾ ਯਾਰ।"

"ਤੈਨੂੰ ਵੀ? ਸੱਚੀ ਹੱਦ ਹੀ ਆ ਤੇਰੀ ਵੀ।"

"ਹਾਂ ਤੇ ਤੈਨੂੰ ਵੀ ਪਤਾ ਹੀ ਆ। ਮੈਂ ਨਾ ਤਾਂ ਅਦਿੱਤੀ ਨੂੰ ਛੱਡ ਸਕਦਾ ਨਾ ਤੈਨੂੰ।"

"ਕੋਈ ਨਾ ਪੁੱਤ। ਜੇ ਤੂੰ ਨਹੀਂ ਸਾਡੇ 'ਚੋਂ ਕਿਸੇ ਨੂੰ ਛੱਡ ਸਕਦਾ ਤਾਂ ਮੈਂ ਤਾਂ ਛੱਡ ਸਕਦੀ ਹੀ ਹਾਂ ਤੈਨੂੰ। ਲੈ ਅੱਜ ਤੋਂ ਬੇ ਫਿਕਰ ਹੋ ਅਦਿੱਤੀ ਨਾਲ ਇਸ਼ਕ ਫਰਮਾ। ਮੈਂ ਤੈਨੂੰ ਆਪਣੇ ਸਾਰੇ ਰਿਸ਼ਤਿਆਂ ਤੋਂ ਆਜ਼ਾਦ ਕਰਦੀ ਹਾਂ। ਮੈਂ ਤੇਰੇ ਲਈ ਮਰੀ ਤੇ ਤੂੰ ਮੇਰੇ ਲਈ। ਅੱਜ ਤੋਂ ਬਾਅਦ ਕਦੇ ਮੇਰੇ ਰਾਹ ਵਿੱਚ ਨਾ ਆਵੀਂ।"

"ਪਰਨੀਤ ਇੰਝ ਨਾ ਆਖ ਯਾਰ।"

ਮੈਂ ਗੁੱਸੇ ਵਿੱਚ ਬਿਨਾਂ ਕੋਈ ਗੱਲ ਕੀਤੇ ਭਰੀ ਪੀਤੀ ਅੱਖਾਂ ਵਿੱਚ ਅੱਥਰੂ ਲੈ ਛੱਤ ਤੋਂ ਹੇਠਾਂ ਉੱਤਰ ਗਈ। ਆਪਣੇ ਕਮਰੇ ਵਿੱਚ ਜਾ ਘੁੱਟ-ਘੁੱਟ ਰੋਣ ਲੱਗੀ। ਮੇਰੇ ਰੋਣ ਦੀ ਆਵਾਜ਼ ਤੱਕ ਨਹੀਂ ਸੀ ਨਿਕਲ ਰਹੀ। ਮੇਰੇ ਲਈ ਸਭ ਕੁਝ ਹੀ ਖਤਮ ਹੋ ਗਿਆ ਲੱਗਦਾ ਸੀ। ਮੈਂ ਗੁੱਸੇ ਵਿੱਚ ਫੂਨ ਚੁੱਕਿਆ ਤੇ ਗੋਵਿੰਦ ਤੇ ਅਦਿੱਤੀ ਨੂੰ ਹਰ ਥਾਂ ਤੋਂ ਬਲੌਕ ਕਰ ਦਿੱਤਾ। ਮੈਂ ਗੋਵਿੰਦ ਸਮੇਤ ਉਸਦੇ ਸਭ ਯਾਰਾਂ ਨੂੰ ਵੀ ਬਲੌਕ ਕਰ ਦਿੱਤਾ। ਮੈਂ ਪੂਰੀ ਤਰ੍ਹਾਂ ਬੇਵੱਸ ਹੋ ਗਈ ਸੀ। ਏਨੀ ਪੀੜ ਹੋਈ ਕਿ ਉਸਨੂੰ ਝੱਲਣ ਵਿੱਚ ਮੇਰੀ ਹਿੰਮਤ ਬਾਕੀ ਨਹੀਂ ਸੀ ਬਚੀ ਲੱਗਦੀ। ਮੈਨੂੰ ਸਾਰੀ ਰਾਤ ਨੀਂਦ ਨਾ ਆਈ।

ਕਈ ਦਿਨ ਇੰਝ ਚੱਲਦਾ ਰਿਹਾ। ਮੈਂ ਸਾਰੀ-ਸਾਰੀ ਰਾਤ ਰੋਂਦੇ ਰਹਿਣਾ। ਕਿੰਨੇ ਹੀ ਦਿਨ ਕਾਲਜ ਵੀ ਨਾ ਗਈ। ਸੁਖਮਨ ਸਾਡੇ ਘਰ ਆ ਮੈਨੂੰ ਮਿਲ ਲੈਂਦੀ ਤੇ ਕਾਲਜ ਬਾਰੇ ਦੱਸ ਦਿੰਦੀ। ਪਰ ਮੇਰਾ ਬਿਲਕੁਲ ਵੀ ਕਾਲਜ ਜਾਣ ਨੂੰ ਮਨ ਨਾ ਕਰਦਾ। ਕਰੀਬ ਪੰਦਰਾਂ ਦਿਨ ਗੁਜ਼ਰ ਗਏ। ਸੁਖਮਨ ਨੇ ਦੱਸਿਆ ਕਿ ਗੋਵਿੰਦ ਅਦਿੱਤੀ ਦੇ ਘਰਦਿਆਂ ਨੂੰ ਮਿਲ ਰਿਸ਼ਤੇ ਦੀ ਗੱਲ ਤੋਰ ਰਿਹਾ ਹੈ। ਉਹਨਾਂ ਦੀ ਜਲਦੀ ਹੀ ਮੰਗਣੀ ਹੋਣ ਵਾਲੀ ਸੀ। ਮੈਂ ਕਿੰਨੇ ਹੀ ਦਿਨ ਸ਼ੋਕ ਮਨਾਉਂਦੀ ਰਹੀ। ਫਿਰ ਇੱਕ ਦਿਨ ਮੇਰੀ ਮਾਂ ਨੇ ਮੈਨੂੰ ਸਮਝਾਇਆ ਕਿ "ਇਹ ਜ਼ਿੰਦਗੀ ਆ, ਚੱਲਦੇ ਰਹਿਣ ਦਾ ਨਾਂਅ। ਇਸ ਵਿੱਚ ਨਾ ਤਾਂ ਰੁਕਣਾ ਚਾਹੀਦਾ ਹੈ ਤੇ ਨਾ ਹੀ ਅਫਸੋਸ ਕਰਨਾ ਚਾਹੀਦਾ ਹੈ। ਜੋ ਵੀ ਹੋਇਆ, ਜੋ ਹੋ ਰਿਹਾ ਜਾਂ ਜੋ ਹੋਵੇਗਾ ਉਹ ਸਭ ਪਹਿਲਾਂ ਤੈਅ ਹੈ। ਇਸ ਲਈ ਅਫਸੋਸ ਕਰਨ ਦੀ ਕੋਈ ਵਜ੍ਹਾ ਨਹੀਂ ਹੋਣੀ ਚਾਹੀਦੀ। ਬਸ ਜ਼ਿੰਦਗੀ ਦੇ ਖੱਟੇ ਮਿੱਠੇ ਜਾਇਕਿਆਂ ਦਾ ਅਨੰਦ ਮਾਣੋ ਤੇ ਜੀਵੋ।"

ਉਹਨਾਂ ਦੇ ਹੌਸਲਾ ਦੇਣ ਕਾਰਨ ਮੈਂ ਕਾਲਜ ਜਾਣ ਲੱਗ ਪਈ। ਪਰ ਮੈਂ ਗੋਵਿੰਦ ਜਾਂ ਉਸਦੇ ਕਿਸੇ ਵੀ ਯਾਰ ਨੂੰ ਬੁਲਾਉਣਾ ਨਾ। ਏਥੋਂ ਤੱਕ ਕਿ ਉਹਨਾਂ ਵੱਲ ਅੱਖ ਪੁੱਟ ਵੀ ਨਾ ਦੇਖਣਾ। ਸਮੈਸਟਰ ਖਤਮ ਹੋ ਗਿਆ ਤੇ ਪੇਪਰ ਹੋ ਗਏ। ਸਮੈਸਟਰ ਖਤਮ ਹੁੰਦੇ ਹੀ ਗੋਵਿੰਦ ਤੇ ਅਦਿੱਤੀ ਦੀ ਮੰਗਣੀ ਹੋ ਗਈ।

ਪੇਪਰਾਂ ਪਿੱਛੋਂ ਕੁਝ ਦਿਨ ਛੁੱਟੀਆਂ ਰਹੀਆਂ। ਉਹਨਾਂ ਛੁੱਟੀਆਂ ਵਿੱਚ ਮੈਂ ਆਪਣੀ ਮਾਸੀ ਕੋਲ ਦਿੱਲੀ ਜਾ ਰਹੀ। ਉਹਨਾਂ ਦੀ ਬੇਟੀ ਪਰਦੀਪ ਮੇਰੀ ਹੀ ਹਮ ਉਮਰ ਸੀ। ਉਸਨੇ ਮੈਨੂੰ ਕੁਝ ਦਿਨਾਂ ਵਿੱਚ ਹੀ ਪੂਰੀ ਤਰ੍ਹਾਂ ਬਦਲ ਕੇ ਰੱਖ ਦਿੱਤਾ। ਮੇਰੇ ਲੰਮੇ-ਲੰਮੇ ਸੋਹਣੇ ਕੇਸ ਕੱਟ ਸੁੱਟੇ ਤੇ ਮੇਰੀ ਬੌਬ ਕਟਿੰਗ ਕਰਾ ਦਿੱਤੀ। ਮੇਰਾ ਪਹਿਰਾਵਾ ਪੂਰੀ ਤਰ੍ਹਾਂ ਹੀ ਬਦਲ ਦਿੱਤਾ। ਮੈਂ ਸੂਟ ਪਾਉਣੇ ਜਿਵੇਂ ਭੁੱਲ ਹੀ ਗਈ ਹੋਵਾਂ। ਮੈਂ ਬਦਲ ਚੁੱਕੀ ਸੀ। ਮੈਨੂੰ ਭੋਰਾ ਵੀ ਫਰਕ ਪਿਆ ਨਹੀਂ ਸੀ ਜਾਪਦਾ ਕਿ ਗੋਵਿੰਦ ਤੇ ਅਦਿੱਤੀ ਨੇ ਮੇਰੇ ਨਾਲ ਕੀ ਕੀਤਾ।

ਕੁਝ ਦਿਨਾਂ ਪਿੱਛੋਂ ਅਖੀਰਲਾ ਸਮੈਸਟਰ ਸ਼ੁਰੂ ਹੋ ਗਿਆ। ਪਹਿਲੇ ਦਿਨ ਹੀ ਕਲਾਸ ਲੱਗੀ। ਸਭ ਕਲਾਸ ਵਿੱਚ ਹਾਜਰ ਸਨ। ਸਭ ਮੈਨੂੰ ਹੀ ਤਾੜ ਰਹੇ ਸੀ। ਪਹਿਲਾ ਲੈਕਚਰ ਖਾਲੀ ਸੀ। ਨਵੇਂ ਸਮੈਸਟਰ ਕਾਰਨ ਪ੍ਰੋਫੈਸਰਾਂ ਦੀ ਮੀਟਿੰਗ ਚੱਲ ਰਹੀ ਸੀ। ਸਭ ਆਪੋ ਆਪਣੇ ਵਿੱਚ ਮਸਤ ਸਨ ਕਿ ਸਾਡੀ ਕਲਾਸ ਦਾ ਇੱਕ ਬੜਾ ਹੀ ਹੋਣਹਾਰ ਮੁੰਡਾ ਗੁਰਜੀਵਨ ਕਲਾਸ ਵਿੱਚ ਆਇਆ। ਉਹ ਆਉਂਦੇ ਹੀ ਬੜੇ ਅੰਦਾਜ਼ ਨਾਲ ਬੋਲਿਆ...

"ਲਵੋ ਜੀ ਸਵਾਗਤ ਕਰੋ। ਬਹੁਤ ਹੀ ਮਸ਼ਹੂਰ, ਫਨਕਾਰ, ਰੀਲਾਂ ਦੇ ਬਾਦਸ਼ਾਹ ਸ਼ਾਇਰ ਕਾਬਿਲ ਜੀ।"

ਅਸੀਂ ਸਾਰੇ ਹੀ ਕਾਬਿਲ ਨੂੰ ਜਾਣਦੇ ਸੀ। ਅਕਸਰ ਉਸਦੀ ਸ਼ਾਇਰੀ ਇਨਸਟਾਗ੍ਰਾਮ ਤੇ ਸੁਣਦੇ ਸੀ। ਉਹ ਜਿਉਂ ਹੀ ਕਲਾਸ ਵਿੱਚ ਦਾਖਲ ਹੋਇਆ ਸਭ ਨੇ ਤਾੜੀਆਂ ਮਾਰ ਉਸਦਾ ਸਵਾਗਤ ਕੀਤਾ। ਉਹ ਬੜਾ ਹੀ ਸੋਹਣਾ, ਉੱਚਾ ਲੰਮਾ ਸਰਦਾਰ ਸੀ। ਉਸਨੇ ਸਭ ਦਾ ਸ਼ੁਕਰੀਆ ਕੀਤਾ। ਗੁਰਜੀਵਨ ਬੋਲਿਆ..

"ਮੈਂ ਸਭ ਨੂੰ ਦੱਸ ਦਿਆਂ ਕਿ ਕਾਬਿਲ ਨੂੰ ਕਿਸੇ ਕਾਰਨ ਅੰਮ੍ਰਿਤਸਰ ਰਹਿਣਾ ਪੈ ਰਿਹਾ ਏ ਤੇ ਉਸਦਾ ਵੀ ਐੱਮ.ਏ ਦਾ ਅਖੀਰਲਾ ਸਮੈਸਟਰ ਬਾਕੀ ਏ। ਜੀ. ਐੱਨ. ਡੀ. ਯੂ. ਯੂਨਿਵਰਸਿਟੀ ਕਾਰਨ ਇਹ ਆਖਰੀ ਸਮੈਸਟਰ ਸਾਡੇ ਨਾਲ ਹੀ ਰਹਿਣਗੇ।"

ਸਭ ਨੇ ਫਿਰ ਤੋਂ ਤਾੜੀਆਂ ਮਾਰੀਆਂ। ਗੁਰਜੀਵਨ ਬੋਲਦਾ ਬਹੁਤ ਸੀ। ਸਭ ਉਸਨੂੰ ਜਾਣਦੇ ਸਨ। ਜਦੋਂ ਉਹ ਇੱਕ ਵਾਰ ਬੋਲਣਾ ਸ਼ੁਰੂ ਹੋਜੇ ਫਿਰ ਉਸਨੂੰ ਚੁੱਪ ਕਰਵਾਉਣਾ ਬਹੁਤ ਔਖਾ ਸੀ। ਉਹ ਹਰ ਗੱਲ ਮਜ਼ਾਕ ਵਿੱਚ ਹੀ ਕਰਦਾ ਸੀ। ਉਹ ਫਿਰ ਤੋਂ ਬੋਲਿਆ..

"ਹਾਂਜੀ ਸ਼ਾਇਰ ਕਾਬਿਲ ਜੀ.. ਆਪ ਆਪਣੇ ਪਹਿਲੇ ਦਿਨ ਦੀ ਸ਼ੁਰੂਆਤ ਆਪਣਾ ਕੁਝ ਨਵਾਂ ਲਿਖਿਆ ਸੁਣਾ ਕਰਨਾ ਚਾਹੋਗੇ।"

"ਹਾਂਜੀ ਜਰੂਰ।"

ਸਭ ਨੇ ਫਿਰ ਤੋਂ ਤਾੜੀਆਂ ਮਾਰੀਆਂ। ਮੇਰਾ ਧਿਆਨ ਸਿਰਫ ਕਾਬਿਲ ਵਿੱਚ ਸੀ। ਗੁਰਜੀਵਨ ਬੈਠ ਗਿਆ। ਕਾਬਿਲ ਨੇ ਕੁਝ ਚਿਰ ਸੋਚਿਆ ਤੇ ਫਿਰ ਬੋਲਣ ਲੱਗ ਪਿਆ...

**"ਨਾ ਨਾ ਮੁਲਾਕਾਤ,**

**ਤੇਰੇ ਵੱਸ ਦੀ ਗੱਲ ਨਹੀਂ..**

**ਨਾ ਨਾ ਇੱਕ ਰਾਤ,**

**ਤੇਰੇ ਵੱਸ ਦੀ ਗੱਲ ਨਹੀਂ..................................**

ਉਮੀਦ ਕਰਦਾ ਹਾਂ। ਤੁਹਾਨੂੰ ਉਮੀਦ ਨਹੀਂ ਦਾ ਆਖਰੀ ਭਾਗ ਚੰਗਾ ਲੱਗਿਆ ਹੋਵੇਗਾ। ਮੈਨੂੰ ਨਹੀਂ ਲੱਗਦਾ ਕਿ ਇਸ ਕਹਾਣੀ ਉੱਤੇ ਕਿਸੇ ਵੀ ਤਰ੍ਹਾਂ ਦੀ ਸ਼ਬਦਾਵਲੀ ਵਰਤ ਚਾਨਣਾ ਪਾਉਣ ਦੀ ਲੋੜ ਹੈ। ਮੈਂ ਸਮਝਦਾ ਹਾਂ ਇਸ ਵਕਤ ਖਾਮੋਸ਼ ਰਹਿਣਾ ਹੀ ਬਹਿਤਰ ਰਹੇਗਾ। ਇਹ ਤਾਂ ਤੁਸੀਂ ਜਾਣ ਹੀ ਗਏ ਹੋਵੋਗੇ। ਕਿ ਉਮੀਦ ਨਹੀਂ ਤਾਂ ਖਤਮ ਹੋ ਗਈ ਪਰ ਪ੍ਰੀਤਾ ਦੀ ਕਹਾਣੀ ਅਜੇ ਖਤਮ ਨਹੀਂ ਹੋਈ। ਅਗਲੀ ਕਹਾਣੀ "ਤੇਰੇ ਵੱਸ ਦੀ ਗੱਲ ਨਹੀਂ" ਵਿੱਚ ਪ੍ਰੀਤਾ ਦੀ ਅੱਗੇ ਦੀ ਜ਼ਿੰਦਗੀ ਬਿਆਨ ਕਰਨ ਦੀ ਕੋਸ਼ਿਸ਼ ਕਰਾਂਗੇ। ਉਮੀਦ ਕਰਦਾ ਹਾਂ ਆਪ ਬੇਸਬਰੀ ਨਾਲ ਇੰਤਜਾਰ ਕਰੋਗੇ।।

**ਪ੍ਰੀਤ ਸਿੰਘ ਭੈਣੀ**

**ਐੱਮ. ਏ. ਪੰਜਾਬੀ.**

**ਦੂਜਾ ਸਾਲ**




KHALSA COLLEGE
SAJRA SAHIT
ਖ਼ਾਲਸਾ ਕਾਲਜ ਸੱਜਰਾ ਸਾਹਿਤ
www.PunjabiLibrary.com